ਕਬਿੱਤ, ਵਾਰਤਿਕ ਅਤੇ ਛੰਦਾ ਬੰਦੀ ਵਿੱਚ

## ਕਵੀਸ਼ਰੀ ਪ੍ਰਸੰਗ

# ਪੂਰਨ ਭਗਤ



ਲੇਖਕ - ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

Sri Satguru Jagjit Singh Ji eLibrary NamdhariElibrary@gmail.com



ਰ ਵਿੱਚ ਸਾਗਰ ਪਾ ਦੇਵੇ ਇਹ ਕੰਮ ਕਵੀ ਦਾ
ਤੋਂ ਤਾਰੇ ਲਾਹ ਦੇਵੇ ਇਹ ਕੰਮ ਕਵੀ ਦਾ
ੜੇ ਘਰ ਵਸਾ ਦੇਵੇ ਇਹ ਕੰਮ ਕਵੀ ਦਾ
ਤੀ ਕੌਮ ਜਗਾ ਦੇਵੇ ਇਹ ਕੰਮ ਕਵੀ ਦਾ

- ਲੇਖਕ





ਟਾਹਣੀ ਦੇ ਨਾਲ ਖਿੜਿਆ ਹੋਇਆ, ਖੁਸ਼ੀਆਂ ਫੁੱਲ ਮਨਾਵੇਂ
ਹਾਸਾ ਇੱਕ ਜਾਂ ਦੋ ਦਿਨ ਦਾ ਹੈ, ਸਮਾਂ ਬੀਤਦਾ ਜਾਵੇ
ਟਾਹਣੀ ਨਾਲ਼ੋਂ ਟੁੱਟੇ ਫੁੱਲ ਦੇ ਚਾਅ ਅਧੂਰੇ ਰਹਿ ਗਏ
ਤੋੜਨ ਵਾਲਾ ਤੋੜ ਲੈ ਗਿਆ ਰੋਣੇ ਪੱਲੇ ਪੈ ਗਏ

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

ਕਵੀਸ਼ਰੀ

# ਪੂਰਨ ਭਗਤ

Sri Satguru Jagjit Singh Ji eLibrary NamdhariElibrary@gmail.com

ਕਵੀਸ਼ਰੀ

# ਪੂਰਨ ਭਗਤ

ਲੇਖਕ :


## ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

ਮੋਬਾਇਲ : 94636-60990


Sri Satguru Jagjit Singh Ji eLibrary NamdhariElibrary@gmail.com

ਸੰਪਾਦਕ :

ਕਮਾਲ ਸਿੰਘ 'ਕਮਾਲ'

ਮੋ. : 98551-81758

ਲੇਖਕ : ਕਵੀਸ਼ਰ ਗੁਰਸੇਵਕ ਸਿੰਘ ਢਿਲੋਂ

ਸ੍ਰੀ ਭੈਣੀ ਸਾਹਿਬ, ਲੁਧਿਆਣਾ।

ਮੋਬਾਇਲ : 94636-60990

ਪਹਿਲੀ ਵਾਰ : ਮਾਰਚ, 2014

ਕੀਮਤ : 65/- ਰੁਪਏ

ਛਾਪਕ :

ਆਈਕੋਨ ਪ੍ਰਿੰਟਰਜ਼, ਰਾਮ ਨਗਰ, ਲੁਧਿਆਣਾ

(ਮੋ.) : 98724-04050

ਈ-ਮੇਲ: iconprinters09@yahoo.in

ਸੱਭ ਹੱਕ ਲੇਖਕ ਦੇ ਰਾਖਵੇਂ ਹਨ

Sri Satguru Jagjit Singh Ji eLibrary NamdhariElibrary@gmail.com

# ਸਮਰਪਣ

ਮਾਣਯੋਗ

ਸੰਤ ਹਰਨਾਮ ਸਿੰਘ ਜੀ

ਸੰਤ ਦਰਸ਼ਨ ਸਿੰਘ (ਭਾਈ ਜੀ)

ਸੰਤ ਭਗਤ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

# ਭੂਮਿਕਾ

ਪੰਜਾਬ ਦੀ ਮਸ਼ਹੂਰ ਲੋਕ ਗਾਥਾ 'ਪੂਰਨ ਭਗਤ', ਜਿਸ ਤੋਂ ਕੇਵਲ ਸਾਹਿਤ ਦੇ ਪਾਠਕ ਹੀ ਜਾਣੂ ਨਹੀਂ ਹਨ, ਸਗੋਂ ਪਿੰਡਾਂ ਦੀਆਂ ਸੱਥਾਂ ਵਿੱਚ ਬੈਠਣ ਵਾਲੇ ਅਨਪੜ੍ਹ ਵੀ ਇਸਦੇ ਬਾਰੇ ਭਰਪੂਰ ਜਾਣਕਾਰੀ ਰੱਖਦੇ ਹਨ,। 'ਸਚਹੁ ਓਰੈ ਸਭੁ ਕੋ ਉਪਰਿ ਸਚੁ ਅਚਾਰੁ' ਦੇ ਸਿਧਾਂਤ ਨੂੰ ਪਰਪੱਕ ਕਰਨ ਵਾਲੀ ਇਹ ਲੋਕ ਗਾਥਾ ਸਭ ਤੋਂ ਪਹਿਲਾਂ 19ਵੀਂ ਸਦੀ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮਕਾਲੀ ਕਵੀ ਕਾਦਰਯਾਰ ਨੇ ਕਿੱਸੇ ਦੇ ਰੂਪ ਵਿੱਚ ਲਿਖੀ। ਜਿਸਦੇ ਲਿਖਣ ਕਰਕੇ ਕਾਦਰਯਾਰ ਨੂੰ ਇੱਕ ਖੂਹ ਵੀ ਇਨਾਮ ਵਿੱਚ ਮਿਲਿਆ। ਇਸਦਾ ਜ਼ਿਕਰ ਉਹ ਆਪ ਇੱਕ ਥਾਂ ਇਸ ਤਰ੍ਹਾਂ ਕਰਦਾ ਹੈ :-

ਪੂਰਨ ਭਗਤ ਦੀ ਗੱਲ ਸੁਣਾਇ ਕੇ ਜੀ
ਇੱਕ ਖੂਹ ਇਨਾਮ ਲਿਖਾਇਆ ਮੈਂ।

ਡਾ. ਮੋਹਣ ਸਿੰਘ ਦੀਵਾਨਾ ਨੇ ਇਸ ਕਿੱਸੇ ਦੇ ਵਿਸ਼ੇ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹੋਇਆਂ ਲਿਖਿਆ ਹੈ, ''ਉਸਨੇ ਇਹ ਕਿੱਸਾ ਸਮਕਾਲੀ ਜੱਟ ਸਰਦਾਰਾਂ ਨੂੰ ਇਖਲਾਕੀ ਤੌਰ ਤੇ ਉੱਚਾ ਉਠਾਉਣ ਦੇ ਆਸ਼ੇ ਨਾਲ ਲਿਖਿਆ ਸੀ।''

ਕਿਸੇ ਕੌਮ ਦੇ ਲੋਕਾਂ ਦਾ ਆਚਾਰ ਹੀ ਉਸ ਕੌਮ ਦੇ ਮਹੱਲ ਦਾ ਆਧਾਰ ਅਥਵਾ ਥੰਮ੍ਹ ਹੁੰਦਾ ਹੈ। ਉੱਚੀਆਂ ਨੈਤਿਕ ਕਦਰਾਂ ਕੀਮਤਾਂ ਵਾਲੇ ਲੋਕ ਆਪਣੇ ਸਮਾਜ ਨੂੰ ਬੁਲੰਦੀਆਂ ਤੇ ਲੈ ਜਾਂਦੇ ਹਨ। ਆਚਾਰ ਹੀ ਮਨੁੱਖ ਦੀ ਬੇਸ਼ਕੀਮਤੀ ਦੌਲਤ ਹੈ, ਇਖਲਾਕ ਦੇ ਗਵਾਚ ਜਾਣ ਨਾਲ ਮਨੁੱਖ ਦੇ ਪੱਲੇ ਕੁਝ ਵੀ ਨਹੀਂ ਰਹਿ ਜਾਂਦਾ। ਉਸਦੀ ਹਾਲਤ ਹਿਸਾਬ ਦੀਆਂ ਸਿਫਰਾਂ ਵਰਗੀ ਹੋ ਜਾਂਦੀ ਹੈ ਕਿ ਕੋਈ ਵੀ ਉਸਨੂੰ ਵਰਤ ਕੇ ਆਪਣਾ ਹਿਸਾਬ ਠੀਕ ਕਰ ਲੈਂਦਾ ਹੈ। ਆਚਰਣ ਦੀ ਉਸਾਰੀ ਮਨ ਦੇ ਹਠ ਤੋਂ ਸ਼ੁਰੂ ਹੁੰਦੀ ਹੈ। ਸ਼ੁਭ ਅਚਾਰ ਹੀ ਜੀਵਨ ਦੀ ਅਸਲੀ ਕਮਾਈ ਹੈ ਤੇ ਕੌਮਾਂ ਦਾ ਸਰਮਾਇਆ ਵੀ। ਜਿਸ ਨੂੰ ਕੋਈ ਚੋਰ ਉਚੱਕਾ ਖੋਹ ਨਹੀਂ ਸਕਦਾ। ਲਾਲ ਸਿੰਘ ਕਮਲਾ ਅਕਾਲੀ ਆਪਣੀ ਪੁਸਤਕ 'ਜੀਵਨ ਨੀਤੀ' ਵਿੱਚ ਲਿਖਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਆਖਿਆ ਕਰਦੇ ਹਨ ਕਿ ਧਰਤੀ ਦਾ ਭਾਰ ਧੌਲ ਨੇ ਸਿਰ ਤੇ ਚੁੱਕਿਆ ਹੋਇਆ ਹੈ। ਇਹ ਭੀ ਆਖਿਆ ਕਰਦੇ ਹਨ ਕਿ ਧਰਤੀ ਧਰਮ ਦੇ ਜ਼ੋਰ ਨਾਲ ਖਲੋਤੀ ਹੈ। ਧਰਮ ਤੇ ਸ਼ਕਤੀ ਇਕੋ ਚੀਜ਼ ਦੇ ਦੋ ਪਾਸੇ ਹਨ। ਦੁਨੀਆਂ ਵਿੱਚ ਨੇਕੀ ਚੰਗਿਆਈ ਤੇ ਧਰਮ ਭੀ ਆਚਾਰਵਾਨ ਪੁਰਸ਼ਾਂ ਦੇ ਸਹਾਰੇ ਕਾਇਮ ਹਨ।''

ਮੂਲ ਰੂਪ ਵਿੱਚ ਇਹ ਲੋਕ ਗਾਥਾ ਜਿੱਥੇ ਪੂਰਨ ਭਗਤ ਦੀ ਆਪਣੇ ਇਖਲਾਕ ਨੂੰ ਕਾਇਮ ਰੱਖਣ ਲਈ ਜੀਵਨ ਦੀ ਕੁਰਬਾਨੀ ਦੇਣ ਵਾਸਤੇ ਤਤਪਰ ਵਿਖਾਉਂਦੀ ਹੈ ਉਥੇ ਅਸਿੱਧੇ ਰੂਪ ਵਿੱਚ ਵੱਡੇ ਲੋਕਾਂ ਦਾ ਲਾਈ ਲੱਗ ਹੋਣਾ, ਅਜੋੜ ਵਿਆਹਾਂ ਦੀ ਸਮਾਜਘਾਤੀ ਪਰੰਪਰਾ ਅਤੇ ਸ਼ੌਂਕਣ ਦੇ ਪੁੱਤਰ ਪ੍ਰਤੀ ਜ਼ਾਲਮ ਵਿਹਾਰ ਨੂੰ ਵੀ ਸਪੱਸ਼ਟ ਕਰਦੀ ਹੈ।

ਲੋਭ ਲਾਲਚਾਂ ਵਿੱਚ ਆ ਕੇ ਕੀਤੇ ਹੋਏ ਵਿਆਹ ਜ਼ਿਆਦਾਤਰ ਅਜੋੜ ਅਤੇ ਦੁਖਾਂਤਕ ਹੀ ਹੁੰਦੇ ਹਨ। ਜਿਸ ਬਾਰੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਇਹ ਬਚਨ ਹੈ।

ਦੰਮ ਲੈਣੇ ਤੇ ਕੁੜੀ ਕੋ ਬਰੁ ਅੱਛਾ ਨਹੀਂ ਮਿਲਦਾ, ਕੇ ਬੁਢਾ ਕੇ ਕਿਸੋਹਣਾ ਲਭਦਾ ਹੈ। ਦੰਮ ਲੈਣੇ ਤੇ ਨਾਲੋ ਕੁੜੀ ਦੇ ਘਰ ਰਿਜਕੁ ਨਹੀਂ ਰਹਦਾ। ਕੁੜੀ ਬਹੁਤ ਦੁਖੀ ਹੁੰਦੀ ਹੈ। ਨਾਲੇ ਕੁੜੀ ਬਿਭਿਚਾਰਨੀ ਹੋਇ ਜਾਂਦੀ ਹੈ। ਬਹੁਤੇ ਥਾਈਂ ਖਰਾਬੁ ਹੁੰਦੀ ਰਹਦੀ ਹੈ। ਇਹੁ ਸਾਰੋ ਪਾਪੁ ਮਾਪਿਆ ਕੋ ਲਗਦਾ ਹੈ।

ਹੁਕਮਨਾਮਾ - 28

ਇੱਕ ਚੀਜ਼ ਹੋਰ ਇਸ ਗਾਥਾ ਵਿੱਚੋਂ ਸਪੱਸ਼ਟ ਹੁੰਦੀ ਹੈ ਕਿ ਨਿਰਮਲ ਮਨ ਵਾਲੇ ਆਚਾਰਵੰਤ ਮਨੁੱਖ ਦਾ ਪਰਮਾਤਮਾ ਸਦਾ ਹੀ ਪੱਖ ਕਰਦਾ ਹੈ। ਕਬੀਰ ਜੀ ਦਾ ਕਥਨ ਹੈ -

ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ।।
ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।।

ਭਾਵੇਂ ਇਸ ਗਾਥਾ ਨੂੰ ਆਪਣੇ -2 ਢੰਗ ਨਾਲ ਬਹੁਤ ਸਾਰੇ ਕਵੀਆਂ ਨੇ ਲਿਖਿਆ ਹੈ। ਪਰ ਸਾਨੂੰ ਅਤਿਅੰਤ ਖੁਸ਼ੀ ਹੈ ਕਿ ਇਸ ਲੋਕ ਗਾਥਾ ਦੀ ਅਜੋਕੇ

Sri Satguru Jagjit Singh Ji eLibrary NamdhariElibrary@gmail.com

ਯੁੱਗ ਵਿੱਚ ਸਾਰਥਕਤਾ ਨੂੰ ਸਮਝਦਿਆਂ ਹੋਇਆਂ ਸਾਡੇ ਮਿੱਤਰ ਕਵੀ ਗੁਰਸੇਵਕ ਸਿੰਘ ਢਿੱਲੋਂ, ਨੇ ਕਲਮ ਅਜ਼ਮਾਈ ਕੀਤੀ ਹੈ। ਢਿੱਲੋਂ ਜੋ ਮੂਲ ਰੂਪ ਵਿੱਚ ਕਵੀਸ਼ਰ ਹੈ, ਉਸਨੇ ਜਿੱਥੇ ਉਹ ਸਾਰਾ ਪ੍ਰਸੰਗ ਕਬਿੱਤਾਂ ਵਿੱਚ ਲਿਖਿਆ ਹੈ ਉੱਥੇ ਨਾਲ ਨਾਲ ਕੋਰੜਾ, ਦੋਤਾਰਾ, ਗੀਤ ਗੱਡੀ, ਲੰਡੀ ਝੋਕ, ਲਹਿਰੀਆ, ਗੀਤ, ਮਿਰਜ਼ਾ ਵਾਰ ਆਦਿ ਛੰਦਾਂ ਦੀ ਵਰਤੋਂ ਵੀ ਕੀਤੀ ਹੈ। ਢਿੱਲੋਂ ਦੀ ਕਵਿਤਾ ਸਾਦਗੀ ਭਰਪੂਰ ਅਤੇ ਲੋਕ ਬੋਲੀ ਦੇ ਨੇੜੇ ਹੋਣ ਕਰਕੇ ਹਰ ਪਾਠਕ ਦੀ ਸਮਝ ਵਿੱਚ ਆਉਣ ਵਾਲੀ ਹੈ। ਸਾਡਾ ਕਵੀ ਗ੍ਰਿਹਸਥ ਧਰਮ ਵਿੱਚ ਪੁੱਤਰਾਂ ਦੀ ਲੋੜ ਅਤੇ ਉਨ੍ਹਾਂ ਦੀ ਪ੍ਰਾਪਤੀ ਲਈ ਮਾਪਿਆਂ ਵੱਲੋਂ ਕੀਤੇ ਜਾਂਦੇ ਯਤਨਾਂ ਬਾਰੇ ਇੰਝ ਲਿਖਦਾ ਹੈ:-

ਪੁੱਤਰ ਪਿਆਰੇ ਹੁੰਦੇ ਪੁੱਤਰ ਸਹਾਰੇ ਹੁੰਦੇ,
ਪੁੱਤਰਾਂ ਦੇ ਬਿਨਾਂ ਮਾਪੇ ਮਰ ਮਰ ਜਾਂਵਦੇ।
ਮਰ ਮਰ ਜਾਂਵਦੇ ਤੇ ਭੇਟਾ ਨੇ ਚੜ੍ਹਾਂਵਦੇ ਜੀ
ਮੜੀਆਂ ਤੇ ਖੂਹਾਂ ਉੱਤੇ ਦੀਵੇ ਨੇ ਜਗਾਂਵਦੇ।
ਜਗਾਂਵਦੇ ਨੇ ਦੀਵੇ ਹੋ ਕੇ ਪ੍ਰੇਮ ਵਿੱਚ ਖੀਵੇ ਨੀਵੇਂ,
ਤੀਰਥਾਂ ਦੇ ਉੱਤੇ ਜਾ ਕੇ ਭੀਖ ਨੇ ਮੰਗਾਂਵਦੇ।
ਮੰਗਾਂਵਦੇ ਨੇ ਭੀਖ ਤੇ ਰਿਨ੍ਹਾਂਵਦੇ ਨੇ ਮਾਸ ਵੇਖੇ,
ਗੁੱਗੇ ਤੇ ਖਵਾਜੇ ਦੀ ਹੈ ਪੂਜਾ ਕਰਵਾਂਵਦੇ।
ਕਰਾਂਵਦੇ ਨੇ ਪੂਜਾ ਤੇ ਨਚਾਂਵਦੇ ਨੇ ਨਾਚ ਵੇਖੇ,
ਮੰਦਰਾਂ ਦੇ ਵਿੱਚ ਜਾਕੇ ਟੱਲ ਖੜਕਾਂਵਦੇ।
ਕਹੇ 'ਢਿੱਲੋਂ' ਕਵੀ ਮਾਪੇ ਪੁੱਤਰਾਂ ਨੂੰ ਪਾਉਣ ਦੇ ਲਈ,
ਸੀਸ ਧਰ ਤਲੀ ਖੂਨੀ ਨਦੀ ਲੰਘ ਜਾਂਵਦੇ।

ਰਾਜੇ ਸਲਵਾਨ ਨੂੰ ਭਗਵਾਨ ਵਲੋਂ ਦਿੱਤੇ ਗਏ ਸੁਪਨ ਦਰਸ਼ਨ ਬਾਰੇ ਰੱਬੀ ਰੰਗ ਵਿੱਚ ਮਤਵਾਲੀ ਕਵੀ ਦੀ ਆਤਮਾ ਇਸ ਤਰ੍ਹਾਂ ਕਹਿ ਉੱਠਦੀ ਹੈ :

ਵੇਦ ਤੇ ਕਤੇਬ ਧਰਮ ਗ੍ਰੰਥਾਂ ਨੇ ਜੀ
ਦੱਸਿਆ ਹੈ ਜਿਸਦਾ ਹਵਾਲ।

Sri Satguru Jagjit Singh Ji eLibrary NamdhariElibrary@gmail.com

ਜਗ ਮਗ, ਜਗ ਮਗ, ਜੋਤ ਪ੍ਰਕਾਸ਼ ਹੋਈ
ਚਤੁਰਭੁਜ ਮੂਰਤੀ ਅਕਾਲ।
ਰਾਜੇ ਜਦੋਂ ਤੱਕਿਆ ਤੇ ਤੱਕਿਆ ਨਾ ਗਿਆ ਉਹ ਤੋਂ
ਨੂਰ ਹੈ ਸੀ ਦੂਣ ਤੇ ਸਵਾਇਆ।
ਪ੍ਰੇਮ ਸਾਥ, ਜੋੜ ਹਾਥ, ਰਾਜੇ ਸਲਵਾਨ ਨੇ ਜੀ
ਵਾਸਤਾ ਪ੍ਰਭੂ ਦੇ ਅੱਗੇ ਪਾਇਆ।

ਸੰਸਾਰ ਦਾ ਸਭ ਤੋਂ ਪਿਆਰਾ ਰਿਸ਼ਤਾ - ''ਮਾਂ'' ਜਿਸ ਨੂੰ ਵੱਖ ਵੱਖ ਕਵੀਆਂ ਨੇ ਘਣਛਾਵਾਂ ਬੂਟਾ, ਰੱਬ ਦਾ ਦੂਜਾ ਨਾਂ, ਰੱਬ ਦਾ ਸਰੂਪ ਅਤੇ ਮਮਤਾ ਦੀ ਮੂਰਤ ਆਖਿਆ ਹੈ। ਉਸ ਬਾਰੇ ਕਵੀ ਆਪਣੇ ਵਿਚਾਰ ਪੂਰਨ ਭਗਤ ਦੀ ਜ਼ਬਾਨੋਂ ਇਸ ਤਰ੍ਹਾਂ ਅਖਵਾਉਂਦਾ ਹੈ :-

ਮਾਂ ਦੀ ਜਿਹੜਾ ਪੂਜਾ ਕਰੇ ਸੀਸ ਚਰਨਾਂ 'ਚ ਧਰੇ
ਜੱਗ ਵਿੱਚ ਸ਼ੋਭਾ ਹੁੰਦੀ ਓਸ ਇਨਸਾਨ ਦੀ।
ਕਹੇ 'ਗੁਰਸੇਵਕ' ਨਾਂ ਮਾਤਾ ਦੇ ਸਮਾਨ ਕੋਈ
ਮਾਂ ਦੀ ਮੂਰਤ ਚੋਂ ਦਿੱਸੇ ਮੂਰਤ ਭਗਵਾਨ ਦੀ।

ਪੂਰਨ ਦੀ ਸੁੰਦਰਤਾ ਬਾਰੇ ਰਾਣੀ ਸੁੰਦਰਾਂ ਦੀ ਗੋਲੀ ਜਿਵੇਂ ਰਾਣੀ ਕੋਲ ਬਿਆਨ ਕਰਦੀ ਹੈ, ਉਸ ਨੂੰ ਕਵੀ ਬੜੇ ਭਾਵ ਪੂਰਤ ਸ਼ਬਦਾਂ ਵਿੱਚ ਇੰਞ ਬਿਆਨ ਕਰਦਾ ਹੈ :-

ਰਾਣੀ ਸੁੰਦਰਾਂ ਨੂੰ ਉਹਦੀ ਗੋਲੀ ਜਾ ਕੇ ਕਹਿਣ ਲੱਗੀ
ਆਇਆ ਇੱਕ ਜੋਗੀ ਉਹਦਾ ਹੁਸਨ ਕਮਾਲ ਨੀ।
ਸੁੰਦਰ ਸਰੂਪ ਜਾਪੇ ਭੂਪਾਂ ਦਾ ਉਹ ਭੂਪ ਜਾਪੇ
ਚੌਧਵੀਂ ਦਾ ਚੰਦ ਜਾਪੇ ਜਤੀ ਸਤੀ ਬਾਲ ਨੀ।
ਸੁਣ ਗੱਲ ਸੁੰਦਰਾਂ ਨੀ ਕੰਨਾਂ ਵਿੱਚ ਮੁੰਦਰਾਂ ਨੀ
ਗੁਲਾਲ ਵਾਂਗੂੰ ਲਾਲ ਉਹਦੇ ਮੁੱਖ ਤੇ ਜਲਾਲ ਨੀ।
ਕਹੇ 'ਗੁਰਸੇਵਕ' ਤੂੰ ਕਰ ਲੈ ਦਰਸ ਉਹਦੇ
ਹੱਥ ਨਹੀਓ ਆਉਣਾ ਜਿਹੜਾ ਬੀਤ ਗਿਆ ਕਾਲ ਨੀ।

Sri Satguru Jagjit Singh Ji eLibrary NamdhariElibrary@gmail.com

ਰਾਣੀ ਸੁੰਦਰਾਂ ਪ੍ਰਤੀ ਪੂਰਨ ਦਾ ਉਪਦੇਸ਼ ਬਹੁਤ ਤਸ਼ਬੀਹਾਂ ਭਰਪੂਰ ਹੈ :-

ਸੁੰਦਰਾਂ ਨੂੰ ਪੂਰਨ ਪਿਆਰ ਨਾਲ ਆਖਦਾ ਏ
ਇੱਕ ਜਗ੍ਹਾ ਉੱਤੇ ਕਦੇ ਖੜ੍ਹਦਾ ਫਕੀਰ ਨਾ।
ਜਿਵੇਂ ਨਦੀ ਨਾਲੇ ਸੱਭ ਵਗਦੇ ਨੇ ਇੱਕ ਚਾਲੇ
ਨਦੀਆਂ ਦਾ ਵੇਖਿਆ ਖਲੋਤਾ ਕਦੇ ਨੀਰ ਨਾ।
ਜੰਗ ਦੇ ਮੈਦਾਨ ਵਿੱਚ ਯੋਧੇ ਜਦੋਂ ਫੜ੍ਹੀ ਹੋਵੇ
ਹੱਥ ਚੁ ਅਟਕ ਜਾਵੇ ਹੁੰਦੀ ਸ਼ਮਸ਼ੀਰ ਨਾ।
ਇੱਕ ਵਾਰੀ ਯੋਧਾ ਜਦੋਂ ਸਾਧਕੇ ਚਲਾਂਵਦਾ ਏ
ਨਿਕਲ ਕਮਾਨੋਂ ਕਦੇ ਮੁੜਦਾ ਏ ਤੀਰ ਨਾ।
ਪੁੱਲ ਥੱਲਿਓਂ ਦੀ ਜਿਹੜਾ ਲੰਘ ਜਾਏ ਇੱਕ ਵਾਰੀ
ਆਖਦੇ ਸਿਆਣੇ ਕਦੇ ਮੁੜਦਾ ਉਹ ਨੀਰ ਨਾ।
ਕਹੇ 'ਗੁਰਸੇਵਕ' ਨੀ ਜੋਗੀ ਵਾਲੀ ਫੇਰੀ ਸਾਡੀ
ਸੁੰਦਰਾਂ ਤੂੰ ਸਾਡੇ ਪਿੱਛੇ ਹੋਈਂ ਦਿਲਗੀਰ ਨਾ।

ਪੂਰਨ ਦੇ ਜਾਣ ਪਿੱਛੋਂ ਜਿੱਥੇ ਉਸਦੀ ਜਨਮ ਦਾਤੀ ਮਾਂ ਇੱਛਰਾਂ ਰੋ - ਰੋ ਕੇ ਆਪਣੇ ਦੀਦੇ ਗਵਾ ਲੈਂਦੀ ਹੈ। ਉੱਥੇ ਲੂਣਾ ਦੀ ਗੋਦ ਵੀ ਪੁੱਤਰ ਰਤਨ ਤੋਂ ਸੁੰਨੀ ਹੋਣ ਕਰਕੇ ਸਾਰੇ ਸੁੱਖਾਂ ਵਿੱਚ ਰਹਿੰਦਿਆ ਹੋਇਆਂ ਵੀ ਮਨ ਸਦਾ ਦੁੱਖ ਵਿੱਚ ਰਹਿੰਦਾ ਹੈ। ਜੋਗੀ ਦੇ ਬਾਗ ਵਿੱਚ ਆਉਣ ਦਾ ਪਤਾ ਲੱਗਣ ਤੇ ਲੂਣਾ ਆਪਣੇ ਪਤੀ ਰਾਜੇ ਸਲਵਾਨ ਦੇ ਨਾਲ ਜਦ ਜੋਗੀ ਦੀ ਸ਼ਰਨ ਵਿੱਚ ਜਾਂਦੀ ਹੈ ਤਾਂ ਜੋਗੀ ਦੇ ਪੁੱਛਣ ਤੇ ਗਰਜ਼ ਦੀ ਮਾਰੀ ਰਾਣੀ ਜਿਵੇਂ ਸੱਚੋ- ਸੱਚ ਬਿਆਨ ਕਰਦੀ ਹੈ। ਉਸ ਨੂੰ ਕਵੀ ਡਿਓੜ ਛੰਦ ਵਿੱਚ ਏਦਾਂ ਬਿਆਨ ਕਰਦਾ ਹੈ :-

ਲੂਣਾ ਛਮ ਛਮ ਰੋਵਣ ਲੱਗੀ, ਦਿਲ ਉਹਦਾ ਕੁਰਲਾਇਆ, ਤਰਲਾ ਪਾਇਆ

ਪੂਰਨ ਉੱਤੇ ਮੈਂ ਜੋਗੀ ਜੀ, ਹੈ ਸੀ ਕਹਿਰ ਕਮਾਇਆ, ਤਰਸ ਨਾ

ਆਇਆ।।

ਸਾਰੀ ਹਾਂ ਮੈਂ ਖੋਲ ਦੱਸਦੀ, ਉਲਝੀ ਕਿੱਦਾਂ ਤਾਣੀ, ਸੁਣੋ ਕਹਾਣੀ।
ਹੱਥ ਜੋੜ ਕੇ ਜੋਗੀ ਕੋਲੋਂ, ਮਾਫੀ ਮੰਗੇ ਰਾਣੀ, ਬਣੀ ਨਿਮਾਣੀ।

12 ਸਾਲ ਬਾਅਦ ਪੁੱਤਰ ਮਿਲਾਪ ਤੇ ਖੁਸ਼ ਹੋਈ ਰਾਣੀ ਇੱਛਰਾਂ ਜਦੋਂ ਆਪਣੇ ਜਿਗਰ ਦੇ ਟੋਟੇ ਨੂੰ ਅੱਖਾਂ ਨਾਲ ਵੇਖਦੀ ਹੈ ਤਾਂ ਉਸ ਵੇਲੇ ਦੇ ਮਿਲਾਪ ਦੇ ਪ੍ਰਸੰਗ ਨੂੰ ਕਵੀ ਇੰਝ ਬਿਆਨ ਕਰਦਾ ਹੈ :-

ਪੁੱਤਰ ਪਿਆਰਾ ਜਦੋਂ ਅੱਖਾਂ ਨਾਲ ਵੇਖ ਲਿਆ
ਖੁਸ਼ੀਆਂ 'ਚ ਫੁੱਲੀ ਨਾ ਸਮਾਈ ਰਾਣੀ ਇੱਛਰਾਂ।
ਪੁੱਤਰ ਦਰਸ ਹੋਇਆ, ਪੁੱਤਰ ਸਪਰਸ਼ ਹੋਇਆ
ਪੁੱਤਰ ਦੀ ਕਰੇ ਵਡਿਆਈ ਰਾਣੀ ਇੱਛਰਾਂ।
ਛਾਤੀ ਵਿੱਚ ਦੁੱਧ ਉਹਦੇ, ਝੱਟ ਸੀ ਉਤਰ ਆਇਆ
ਅੱਖਾਂ ਵਿੱਚ ਜੋਤ ਹੈਸੀ ਆਈ ਰਾਣੀ ਇੱਛਰਾਂ।
ਕਹੇ 'ਗੁਰਸੇਵਕ' ਪਿਆਰ ਕਰੇ ਪੁੱਤ ਤਾਈਂ
ਸੌ ਸੌ ਜਾਵੇ ਸ਼ਗਨ ਮਨਾਈਂ ਰਾਣੀਂ ਇੱਛਰਾਂ।

ਮੈਨੂੰ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿੱਚ ਆਈ ਵੇਖ ਕੇ ਤੇ ਅਤਿਅੰਤ ਖੁਸ਼ੀ ਹੋ ਰਹੀ ਹੈ। ਮੈਨੂੰ ਆਸ ਹੈ ਕਿ ਸੁਘੜ ਪਾਠਕ ਇਸ ਨੂੰ ਜ਼ਰੂਰ ਪਸੰਦ ਕਰਨਗੇ।

ਸੰਤ ਨਿਸ਼ਾਨ ਸਿੰਘ ਜੀ
ਕਥਾਵਾਚਕ

Sri Satguru Jagjit Singh Ji eLibrary NamdhariElibrary@gmail.com

# ਜਾਣ ਪਛਾਣ

ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੀ ਪਾਵਨ ਪਵਿੱਤਰ ਧਰਤੀ ਅਤੇ ਬੀੜ ਬਾਬਾ ਬੁੱਢਾ ਸਾਹਿਬ ਜੀ ਦੀ ਪਾਵਨ ਪਵਿੱਤਰ ਧਰਤੀ ਕੋਲ ਪੈਂਦੇ ਪਿੰਡ 'ਕਸੇਲ' ਵਿੱਚ ਪਿਤਾ ਸ: ਗੁਰਦੀਪ ਸਿੰਘ ਅਤੇ ਮਾਤਾ ਜਾਗੀਰ ਕੌਰ ਦੇ ਗ੍ਰਹਿ ਵਿਖੇ ਕਵੀਸ਼ਰ ਗੁਰਸੇਵਕ ਸਿੰਘ ਜੀ ਦਾ ਜਨਮ ਹੋਇਆ ਬਚਪਨ ਤੋਂ ਸੂਰਮਿਆ ਦੀਆ ਕਥਾਵਾਂ ਸੁਣਕੇ ਅਤੇ ਪੜਕੇ ਕਵੀਸ਼ਰੀ ਲਿਖਣ ਦੀ ਅਤੇ ਗਾਉਣ ਦੀ ਚੇਟਕ ਲੱਗੀ। ੧੯੯੪ ਵਿੱਚ ਸ੍ਰੀ ਭੈਣੀ ਸਾਹਿਬ ਦੀ ਪਾਕ ਪਵਿੱਤਰ ਧਰਤੀ ਤੇ ਪਰੀਵਾਰ ਸਮੇਤ ਆ ਗਏ। ਕਵੀਸ਼ਰ ਗੁਰਸੇਵਕ ਸਿੰਘ ਨੇ ਹੁਣ ਤੱਕ ਕਵੀਸ਼ਰੀ ਵਿੱਚ ਬਹੁਤ ਪ੍ਰਸੰਗ ਲਿਖੇ ਹਨ ਜਿੰਨਾਂ ਵਿੱਚੋਂ ਕੁਝ ਮਕਬੂਲ ਹੋ ਚੁੱਕੇ ਪ੍ਰਸੰਗਾਂ ਦੇ ਨਾਮ ਇਸ ਤਰਾਂ ਹਨ।

ਡੱਲੇ ਦੀ ਪਰਖ, ਬੋਤਾ ਸਿੰਘ ਗਰਜਾ ਸਿੰਘ, ਭਾਈ ਤਾਰੂ ਸਿੰਘ, ਤਾਰਾ ਸਿੰਘ ਵਾਂ, ਸਿੰਘਾ ਨੇ ਪੰਡਤਾਣੀ ਛੁਡਾਈ, ਜਨਮ ਗੁਰੂ ਗੋਬਿੰਦ ਸਿੰਘ ਜੀ, ਬਾਬਾ ਦੀਪ ਸਿੰਘ ਜੀ ਸ਼ਹੀਦ, ਭਾਈ ਮਨੀ ਸਿੰਘ ਜੀ, ਮੱਸਾ ਰੰਘੜ, ਇਤਆਦਿਕ ਮਸ਼ਹੂਰ ਪ੍ਰਸੰਗ ਜੋ ਕੇ ਸਟੇਜ਼ਾਂ ਤੇ ਗਾਏ ਜਾ ਚੁੱਕੇ ਹਨ। ਤੇ ਸੰਗਤਾਂ ਵੱਲੋਂ ਸਿਫ਼ਾਰਸ ਕਰਕੇ ਸੁਣੇ ਜਾਂਦੇ ਹਨ। ਹੱਥਲੀ ਪੁਸਤਕ ਵਿੱਚ ਕਵੀਸਰ ਗੁਰਸੇਵਕ ਸਿੰਘ ਨੇ ਪੂਰਨ ਭਗਤ ਦੇ ਕਿੱਸੇ ਨੂੰ ਬਹੁਤ ਹੀ ਖੂਬਸੂਰਤ ਰੰਗ ਵਿੱਚ ਰੰਗਿਆ ਹੈ। ਇਹ ਪ੍ਰਸੰਗ ਝੂਠ ਕੀ ਹੈ ਅਤੇ ਸੱਚ ਕੀ ਹੈ। ਇਸ ਗੱਲ ਨੂੰ ਬਾਖੂਬੀ ਦਰਸਾਉਂਦਾ ਹੈ। ਇਸ ਵਿੱਚ ਲਿਖੇ ਗਏ ਕਬਿੱਤ, ਕੋਰੜਾ, ਝੋਕ, ਦੱਤਾਰਾ, ਲੰਡੀ ਝੋਕ, ਆਦਿਕ ਛੰਦਾ ਬੰਦੀ, ਕਵੀ ਦੀ ਕਰੜੀ ਮਿਹਨਤ ਦਾ ਪ੍ਰਤੀਕ ਹਨ। ਮਾਤਾ ਇੱਛਰਾਂ ਜਦੋਂ ਪੂਰਨ ਬਾਰੇ ਸੁਣਦੀ ਹੈ ਕਿ ਮੇਰੇ ਪੁੱਤਰ ਨੂੰ ਜੱਲਾਦਾ ਨੇ ਖੂਹ ਵਿੱਚ ਹੱਥ ਪੈਰ ਵੱਡ ਕੇ ਸੁੱਟ ਦਿੱਤਾ ਹੈ। ਤਾਂ ਉਸਦਾ ਕਲੇਜਾਂ ਪਾਟ ਜਾਂਦਾ ਹੈ। ਇੱਛਰਾਂ ਮਾਂ ਦੇ ਦੁੱਖ ਨੂੰ ਕਵੀ ਆਪਣੀ

Sri Satguru Jagjit Singh Ji eLibrary NamdhariElibrary@gmail.com

ਕਵਿਤਾ ਚੁ ਇਸ ਤਰਾਂ ਪੇਸ਼ ਕਰਦਾ ਹੈ।

ਦਿਲ ਤਾਂਈ ਦੁੱਖਾਂ ਵਾਲਾ ਰੋਗ ਲੱਗਿਆ
ਪੁੱਤਰ ਦਾ ਓਸ ਨੂੰ ਵਿਯੋਗ ਲੱਗਿਆ
ਗਮਾ ਦੇ ਤਰਾਨੇ ਨਿੱਤ ਗਾਉਂਦੀ ਇੱਛਰਾਂ
ਅੱਖਾਂ ਵਿੱਚੋਂ ਅੱਥਰੂ ਵਹਾਉਂਦੀ ਇੱਛਰਾਂ

ਰਾਣੀ ਸੁੰਦਰਾਂ ਜਦੋਂ ਪੂਰਨ ਤੋਂ ਉਸਦਾ ਪਤਾ ਪੁੱਛਦੀ ਹੈ ਜੋਗੀ ਤੂੰ ਕਿੱਥੇ ਰਹਿੰਨਾ ਏ ਤਾਂ ਪੂਰਨ ਸੁੰਦਰਾਂ ਨੂੰ ਪਤਾ ਦੱਸਦਾ ਹੈ। ਕਵੀ ਦੀ ਕਾਵਿ ਵੰਨਗੀ ਕੁਝ ਇਸ ਤਰਾ ਹੈ।

ਜੋਗੀ ਨੇ ਹੱਥ ਜੋੜੇ ਨੀਂ ਸੁੰਦਰਾਂ ਸੁਣ ਲੈ ਬਿਨੈ ਹਮਾਰੀ
ਓਹ ਜੱਗ ਨੂੰ ਜਿੱਤ ਲੈਂਦਾ ਨੀਂ ਜੀਹ ਕੀ ਨਾਲ ਗੁਰਾਂ ਦੇ ਯਾਰੀ
ਪਾ ਫੇਰੀ ਤੁਰ ਜਾਣਾ ਨੀਂ ਜੱਗ ਤੇ ਚਾਰ ਦਿਨਾਂ ਦਾ ਮੇਲਾ
ਪੂਰਨ ਹੋਂ ਨਾ ਮੇਰਾ ਰਾਣੀਏ ਮੈਂ ਗੋਰਖ ਦਾ ਚੇਲਾ

ਪੂਰਨ ਦੇ ਕਵੀਸ਼ਰੀ ਪ੍ਰਸੰਗ ਨੂੰ ਪੜਕੇ ਗਹੁ ਨਾਲ ਵਾਚਿਆ ਪਤਾ ਲਗਦਾ ਹੈ ਕਿ ਕਵੀ ਦੀ ਕਾਵਿ ਵੰਨਗੀ ਕਮਾਲ ਦੀ ਹੈ। ਮੈਂ ਆਸ ਰੱਖਦਾ ਹਾਂ ਕਿ ਅੱਗੇ ਤੋਂ ਵੀ ਕਵੀ ਦੀ ਕਲਮ ਨਿਰੰਤਰ ਸਮਾਜ ਭਲਾਈ ਵਾਸਤੇ ਚੱਲਦੀ ਰਹੇ। ਮੈਂ ਸਰੋਤਾ ਵਰਗ ਨੂੰ ਬੇਨਤੀ ਕਰਦਾ ਹਾਂ ਕਿ ਇਸ ਪੁਸਤਕ ਨੂੰ ਜਰੂਰ ਪੜੋ ਕਿਉਂ ਕਿ ਇਸ ਵਿੱਚੋਂ ਸੱਚ ਤੇ ਝੂਠ ਬਾਰੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਅੰਤ ਵਿੱਚ ਮੈਂ ਕਵੀ ਦੀ ਚੜ ਦੀ ਕਲਾਂ ਵਾਸਤੇ ਅਰਦਾਸ ਕਰਦਾ ਹਾਂ ਤੇ ਆਪਣੀ ਕਲਮ ਨੂੰ ਏਥੇ ਹੀ ਵਿਸ਼ਰਾਮ ਦਿੰਦਾ ਹਾਂ।

ਦਵਿੰਦਰ ਸਿੰਘ ਗਿੱਲ (ਜੀਆ ਨੱਥਾ)
ਮੋਬਾ.: 94177-69103

Sri Satguru Jagjit Singh Ji eLibrary NamdhariElibrary@gmail.com

# ਦੋ ਸ਼ਬਦ

ਹੱਥਲੀ ਪੁਸਤਕ, ਪੂਰਨ ਭਗਤ ਦਾ ਕਿੱਸਾ'' ਕਵੀਸ਼ਰੀ ਦੇ ਰੂਪ ਵਿੱਚ ਕਬਿੱਤ, ਵਾਰਤਿਕ ਅਤੇ ਛੰਦਾ ਬੰਦੀ ਨਾਲ ਸਜਾਈ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਦੀ ਦ੍ਰਿੜ ਲਗਨ ਅਤੇ ਮਿਹਨਤ ਸਦਕਾ ਪਾਠਕਾਂ ਦੇ ਹੱਥਾਂ ਵਿੱਚ ਪਹੁੰਚੀ ਹੈ। ਇਸ ਪੁਸਤਕ ਵਿੱਚ ਸੱਚ 'ਪੂਰਨ'ਅਤੇ ਝੂਠ 'ਲੂਣਾਂ' ਦਾ ਵਿਸ਼ਲੇਸ਼ਣ ਕਵੀ ਨੇ ਬਹੁਤ ਹੀ ਸੁੰਦਰ, ਪ੍ਰਭਾਵਸ਼ਾਲੀ ਸ਼ਬਦਾਵਲੀ ਵਰਤ ਕੇ ਕੀਤਾ ਹੈ। ਕੋਰੜਾ, ਗੀਤ, ਦੋਤਾਰਾ, ਲੰਡੀ ਝੋਕ, ਲਹਿਰੀਆ, ਮਿਰਜ਼ਾ ਵਾਰ ਛੰਦਾਂ ਦੁਆਰਾ ਪੂਰਨ, ਇੱਛਰਾਂ, ਲੂਣਾਂ, ਰਾਜਾ ਸਲਵਾਨ, ਰਾਣੀ ਸੁੰਦਰਾਂ ਅਤੇ ਗੋਰਖ ਨਾਥ ਆਦਿ ਪਾਤਰਾਂ ਦੇ ਮਾਨਸਿਕ ਵਲਵਲਿਆਂ ਨੂੰ ਕਵੀ ਨੇ ਬਾਖੂਬੀ ਪੇਸ਼ ਕੀਤਾ ਹੈ।ਸਾਰੀ ਪੁਸਤਕ ਵਿੱਚ ਕਵੀ ਨੇ ਕਾਵਿ ਰਚਨਾਵਾਂ ਰਾਹੀਂ ਆਪਣੀ ਸਿਆਣਪ, ਸੂਝ-ਬੂਝ ਅਤੇ ਕਲਾਤਮਿਕ ਦ੍ਰਿਸ਼ਟੀ ਦਾ ਬਹੁਤ ਵਧੀਆ ਨਮੂਨਾ ਪੇਸ਼ ਕੀਤਾ ਹੈ। ਸਾਰੀ ਪੁਸਤਕ ਪੜ੍ਹਨ ਉਪਰੰਤ ਜਿੱਥੇ ਕਵੀ ਨੇਂ ਸੱਚ ਅਤੇ ਝੂਠ ਦਾ ਨਿਤਾਰਾ ਕੀਤਾ ਹੈ, ਉਸਦੇ ਨਾਲ ਹੀ ਪਾਠਕ ਵਰਗ ਨੂੰ ਰਾਜਨੀਤਿਕ , ਸਮਾਜਿਕ ਅਤੇ ਧਾਰਮਿਕ ਸਥਿਤੀ ਬਾਰੇ ਵੀ ਬਹੁਤ ਜਾਣਕਾਰੀ ਮਿਲਦੀ ਹੈ। ਇਸ ਪੁਰਾਣਿਕ ਕਥਾ ਨੂੰ ਪ੍ਰੇਮ ਰਸ, ਬ੍ਰਿਹਾ ਰਸ ਅਤੇ ਕਰੁਣਾ ਰਸ ਮਾਲਾ ਵਿੱਚ ਬਹੁਤ ਸੁੰਦਰ ਤਰੀਕੇ ਨਾਲ ਪਰੋਇਆ ਗਿਆ ਹੈ। ਸਤਿਗੁਰੂ ਜੀ ਕ੍ਰਿਪਾ ਕਰਨ ਕਵੀ ਗੁਰਸੇਵਕ ਸਿੰਘ ਢਿੱਲੋਂ ਦੀ ਮਿਹਨਤ ਨੂੰ ਫਲ ਮਿਲੇ ਅਤੇ ਕਵੀ ਦਿਨ-ਦੁੱਗਣੀ, ਰਾਤ ਚੌਗੁਣੀ ਤਰੱਕੀ ਕਰੇ।ਮੇਰੀਆਂ ਸ਼ੁਭ ਕਾਮਨਾਵਾਂ ਕਵੀ ਦੇ ਨਾਲ ਹਨ।

ਰਜਿੰਦਰ ਕੌਰ 'ਪੰਨੂੰ'

Sri Satguru Jagjit Singh Ji eLibrary NamdhariElibrary@gmail.com

# ਕੁਝ ਸ਼ਬਦ ਮੇਰੇ ਵਲੋਂ

ਪੂਰਨ ਭਗਤ ਦਾ ਕਿੱਸਾ ਕਵੀਸ਼ਰੀ ਦੇ ਵਿੱਚ ਕਵੀਸ਼ਰ ਗੁਰਸੇਵਕ ਸਿੰਘ ਜੀ ਦੀ ਪਹਿਲੀ ਪਲੇਠੀ ਪੁਸਤਕ ਹੈ । ਕਵੀ ਨੇ ਕਰੜੀ ਮਿਹਨਤ ਕਰਕੇ ਇਸ ਪੁਸਤਕ ਨੂੰ ਤਿਆਰ ਕੀਤਾ ਹੈ । ਇਸ ਪੁਸਤਕ ਵਿੱਚ ਸਮਾਜ ਨੂੰ ਝੂਠ ਕੀ ਹੈ ਅਤੇ ਸੱਚ ਕੀ ਹੈ ? ਇਸ ਗੱਲ ਦੀ ਬਾਖੂਬੀ ਜਾਣਕਾਰੀ ਪ੍ਰਾਪਤ ਹੋਵੇਗੀ । ਕਬਿੱਤ, ਛੰਦਾਬੰਦੀ ਵਿੱਚ ਕਵੀ ਨੇ ਪੂਰਨ ਭਗਤ ਦੇ ਕਿੱਸੇ ਨੂੰ ਬਹੁਤ ਪ੍ਰਭਾਵਸ਼ਾਲੀ ਸ਼ਬਦਾਂ ਦਾ ਰੂਪ ਦਿੱਤਾ ਹੈ । ਮੇਰੀਆਂ ਸ਼ੁਭ ਕਾਮਨਾਵਾਂ ਕਵੀ ਦੇ ਨਾਲ ਹਨ

ਸੂਬਾ ਬਲਵਿੰਦਰ ਸਿੰਘ ਝੱਲ

Sri Satguru Jagjit Singh Ji eLibrary NamdhariElibrary@gmail.com

## "ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ"

ਕਵੀਸ਼ਰੀ **ਪੂਰਨ ਭਗਤ** ਕਵੀਸ਼ਰੀ

# ਪੂਰਨ ਭਗਤ

### ਕਬਿੱਤ, ਵਾਰਤਿਕ ਅਤੇ ਛੰਦਾ ਬੰਦੀ ਵਿੱਚ

ਸੰਸਾਰ ਵਿਚ ਸੱਚ ਦੀ ਸਦਾ ਹੀ ਜਿੱਤ ਅਤੇ ਝੂਠ ਦੀ ਹਾਰ ਹੋਈ ਹੈ। ਸੱਚ ਪ੍ਰਮੇਸ਼ਰ ਨੂੰ ਮਿਲਣ ਦਾ ਰਾਸਤਾ ਹੈ, ਅਤੇ ਝੂਠ ਨਰਕ ਵਿੱਚ ਜਾਣ ਦਾ ਮਾਰਗ ਹੈ। ਇਸ ਗੱਲ ਨੂੰ ਸਪੱਸ਼ਟ ਕਰਦਿਆਂ ਹੋਇਆਂ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਬਹੁਤ ਜਗ੍ਹਾ ਫੁਰਮਾਇਆ ਹੈ।

"ਬੋਲੀਐ ਸਚੁ ਧਰਮ ਝੂਠ ਨ ਬੋਲੀਐ"

"ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ"

"ਸਾਚੁ ਨ ਛਪੈ ਜੇ ਕੋ ਰਖੈ ਛਪਾਏ"

"ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ"

ਗੁਰਬਾਣੀ ਅੰਦਰ ਜਿਥੇ ਸੱਚ ਨੂੰ ਸ੍ਰੇਸ਼ਟ ਅਤੇ ਕਲਿਆਣਕਾਰੀ ਦੱਸਿਆ ਹੈ ਓਥੇ ਝੂਠ ਦੀ ਬਾਬਤ ਇਸ ਤਰਾਂ ਉਚਾਰਿਆ ਹੈ।

"ਮਨ ਕਾ ਸੂਤਕੁ ਲੋਭ ਹੈ ਜਿਹਵਾ ਸੂਤਕੁ ਕੂੜੁ"

"ਕੂੜ ਬੋਲਿ ਮੁਰਦਾਰੁ ਖਾਇ"

"ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ"

ਉਪਰੰਤ ਗੁਰਬਾਣੀ ਪ੍ਰਮਾਣਾ ਤੋਂ ਸ਼ਪੱਸ਼ਟ ਹੈ ਕਿ ਸੱਚ ਸਦਾ ਹੀ ਵਿਜਈ ਰਿਹਾ ਹੈ ਅਤੇ ਰਹੇਗਾ। ਝੂਠ ਨੂੰ ਸਦਾ ਹੀ ਸਿਕਸ਼ਤ ਮਿਲੀ ਹੈ ਅਤੇ ਮਿਲਦੀ ਰਹੇਗੀ। ਏਸੇ ਸਿਧਾਂਤ ਨੂੰ ਪ੍ਰਗਟ ਕਰਦੀ ਲੋਕਪ੍ਰਿਯ ਕਥਾ ਜੋ ਕਿ ਕਵੀਸ਼ਰੀ ਪ੍ਰਸੰਗ ਦੇ ਰੂਪ ਵਿੱਚ



Sri Satguru Jagjit Singh Ji eLibrary NamdhariElibrary@gmail.com

## ਕੋਰੜਾ ਛੰਦ ੧

੧. ਮਨ ਤਾਂਈ ਮੋਹੇ ਬਹੁਤ ਮਨਮੋਹਣਾ ਸੀ
ਇੰਦਰਪੁਰੀ ਦੇ ਨਾਲੋ ਅਤੀ ਸੋਹਣਾ ਸੀ
ਸੁੰਦਰ ਸੀ ਸ਼ਹਿਰ ਇਤਿਹਾਸ ਦੱਸਦਾ
ਸਿਆਲਕੋਟ ਵਿੱਚ ਸਲਵਾਨ ਵੱਸਦਾ

੨. ਗਰੀਬ ਤੇ ਅਮੀਰ ਨੂੰ ਸਮਾਨ ਜਾਣਦਾ
ਚੰਗੇ ਬੁਰੇ ਵਾਲੀ ਰਮਜ਼ ਪਛਾਣਦਾ
ਕਿਸੇ ਨਾਲ ਦਿਲੋਂ ਨਹੀ ਸੀ ਵੈਰ ਰੱਖਦਾ
ਸਿਆਲਕੋਟ ਵਿੱਚ ਸਲਵਾਨ ਵੱਸਦਾ

੩. ਰਿਦਾ ਸੁੱਧ-ਬੁੱਧ ਭਜਨੀਕ ਭਾਰਾ ਸੀ
ਗਿਆਨਵਾਨ ਓਸਦੀ ਵਿਚਾਰ ਧਾਰਾ ਸੀ
ਪੰਜਾਂ ਦਿਆਂ ਪੰਜਿਆਂ ਤੋਂ ਰਹੇ ਬਚਦਾ
ਸਿਆਲਕੋਟ....................?



Sri Satguru Jagjit Singh Ji eLibrary NamdhariElibrary@gmail.com

੪. ਹਾਥੀ ਤੇ ਸਵਾਰ ਹੋ ਕੇ ਮੋਹਰਾਂ ਸੁੱਟਦਾ

ਪਰਜਾ ਦਾ ਹਰ ਬੰਦਾ ਮੌਜ ਲੁੱਟਦਾ

ਚੋਰਾਂ ਠੱਗਾਂ ਉਤੇ ਸੀ ਸਿਕੰਜ਼ਾ ਕੱਸਦਾ

ਸਿਆਲਕੋਟ....................?

੫. ਤਖ਼ਤ ਤੇ ਬਹਿਕੇ ਦਰਬਾਰ ਲਾਂਵਦਾ

ਦੁੱਖੀ ਸੁੱਖੀ ਆ ਕੇ ਅਰਜ਼ ਸੁਨਾਂਵਦਾ

ਫ਼ੈਸਲਾ ਸੁਨਾਉਂਦਾ ਉਹ ਹੱਕ ਸੱਚ ਦਾ

ਸਿਆਲਕੋਟ....................?

੬. ਮਨ ਵਿੱਚ ਰੱਬ ਦਾ ਧਿਆਨ ਧਰਦਾ

ਧਨ ਦੌਲਤ ਸੀ ਹੱਥੀਂ ਦਾਨ ਕਰਦਾ

ਦਾਨ ਦਿੱਤਿਆਂ ਤਾਂ ਧਨ ਨਹੀਓ ਘਟਦਾ

ਸਿਆਲਕੋਟ...................?

੭. ਕਰਮਾਂ ਦੀ ਖੇਡ ਮੱਥੇ ਦਾ ਲਿਲਾਟ ਸੀ

ਪੁੱਤਰ ਦੀ ਉਹਦੇ ਘਰ ਵਿੱਚ ਘਾਟ ਸੀ

ਛੰਦ ਇਹ ਬਿਆਨ ਕਰੇ "ਢਿੱਲੋਂ" ਜੱਟ ਦਾ

ਸਿਆਲਕੋਟ...................?



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੨

ਧਨ, ਦੌਲਤ, ਆਰਾਮ, ਇੱਜ਼ਤ, ਸ਼ੌਹਰਤ ਸਭ ਕੁਝ ਹੁੰਦਿਆਂ ਹੋਇਆਂ ਵੀ ਰਾਜੇ ਨੂੰ ਇੱਕ ਬਹੁਤ ਵੱਡੀ ਘਾਟ ਸਦਾ ਹੀ ਮਹਿਸੂਸ ਹੁੰਦੀ ਰਹਿੰਦੀ। ਕਿ ਉਸਦੀ ਕੁੱਲ ਦਾ ਨਾਮ ਰੌਸ਼ਨ ਕਰਨ ਵਾਲਾ, ਉਸਦਾ ਰਾਜ ਭਾਗ ਸੰਭਾਲਣ ਵਾਲਾ, ਕੋਈ ਵਾਰਸ ਨਹੀ ਸੀ। ਪੁੱਤਰ ਪ੍ਰਾਪਤੀ ਵਾਸਤੇ ਰਾਜੇ ਨੇ ਸਾਰੇ ਹੀ ਯਤਨ ਕੀਤੇ। ਪੂਜਾ ਪਾਠ, ਹਵਨ ਜੱਗ, ਤੰਤਰ ਮੰਤਰ, ਸਭ ਕੁਝ ਕਰਕੇ ਰਾਜਾ ਹਾਰ ਚੁੱਕਾ ਸੀ ਮਾਪੇ ਪੁੱਤਰਾਂ ਨੂੰ ਪਾਉਣ ਵਾਸਤੇ ਕੀ ਕੁਝ ਨਹੀ ਕਰਦੇ। ਕਵੀ ਦੀ ਕਲਮ ਲਿਖਦੀ ਹੈ।

ਕਬਿੱਤ :- ਪੁੱਤਰ ਪਿਆਰੇ ਹੁੰਦੇ, ਪੁੱਤਰ ਸਹਾਰੇ ਹੁੰਦੇ
ਪੁੱਤਰਾਂ ਦੇ ਬਿਨਾਂ ਮਾਪੇ, ਮਰ ਮਰ ਜਾਂਵਦੇ
ਮਰ ਮਰ ਜਾਂਵਦੇ, ਤੇ ਭੇਟਾ ਨੇ ਚੜ੍ਹਾਂਵਦੇ ਜੀ
ਮੜੀਆਂ ਤੇ ਖੂਹਾਂ ਉਤੇ, ਦੀਵੇ ਨੇ ਜਗਾਂਵਦੇ
ਜਗਾਂਵਦੇ ਨੇ ਦੀਵੇ, ਹੋ ਕੇ ਪ੍ਰੇਮ ਵਿੱਚ ਖੀਵੇ ਨੀਵੇਂ
ਤੀਰਥਾਂ ਦੇ ਉਤੇ ਜਾ ਕੇ, ਭੀਖ ਨੇ ਮੰਗਾਂਵਦੇ
ਮੰਗਾਂਵਦੇ ਨੇ ਭੀਖ, ਤੇ ਰਿੰਨਾਂਵਦੇ ਨੇ ਮਾਸ ਵੇਖੇ
ਗੁੰਗੇ ਤੇ ਖਵਾਜੇ ਦੀ ਹੈ, ਪੂਜਾ ਕਰਵਾਂਵਦੇ
ਕਰਾਂਵਦੇ ਨੇ ਪੂਜਾ ਤੇ, ਨਚਾਂਵਦੇ ਨੇ ਨਾਚ ਵੇਖੇ
ਮੰਦਰਾਂ ਦੇ ਵਿੱਚ ਜਾਕੇ, ਟੱਲ ਖੜਕਾਂਵਦੇ
ਕਹੇ "ਢਿਲੋਂ" ਕਵੀ ਮਾਪੇ ਪੁੱਤਰਾਂ ਨੂੰ ਪਾਉਣ ਦੇ ਲਈ
ਸੀਸ ਧਰ ਤਲੀ, ਖੂੰਨੀ ਨਦੀ ਲੰਘ ਜਾਂਵਦੇ

ਜਦੋਂ ਰਾਜਾ ਸਾਰੇ ਹੀ ਯਤਨ ਕਰਕੇ ਹਾਰ ਗਿਆ ਉਸਨੇ ਅਤੀ ਦੁੱਖੀ ਹੋ ਕੇ ਭਿੱਜੀਆਂ ਅੱਖਾਂ ਨਾਲ ਮਨ ਭਰਕੇ ਗਲ ਪੱਲਾ ਪਾ ਕੇ ਪ੍ਰਭੂ ਅੱਗੇ ਅਰਦਾਸ ਕੀਤੀ ਦਾਤਾ ਤੂੰ ਸਭ



Sri Satguru Jagjit Singh Ji eLibrary NamdhariElibrary@gmail.com

ਦੀਆਂ ਖਾਲੀ ਝੋਲੀਆਂ ਭਰਨ ਵਾਲਾ ਹੈ। ਤੇਰੇ ਘਰ ਕਿਸੇ ਚੀਜ਼ ਦਾ ਘਾਟਾ ਨਹੀਂ ਮੈਂ ਰਾਜਾ ਹੋ ਕੇ ਵੀ ਤੇਰੇ ਦਰ ਦਾ ਭਿਖਾਰੀ ਹਾਂ। ਸਭ ਨੂੰ ਪਾਲਣ ਵਾਲਿਆ, ਅਣਮੰਗੀਆਂ ਦਾਤਾਂ ਦੇਣ ਵਾਲਿਆ ਮੇਰੀ ਝੋਲੀ ਵਿੱਚ ਪੁੱਤਰ ਦੀ ਦਾਤ ਪਾ ਦੇ। ਪ੍ਰਮੇਸ਼ਰ ਅੱਗੇ ਏਦਾਂ ਬੇਨਤੀਆਂ ਕਰਦਾ (੨) ਰਾਜਾ ਸੌਂ ਗਿਆ। ਤਾਂ ਉਸਨੂੰ ਇੱਕ ਸੁਪਨਾ ਆਉਂਦਾ ਹੈ ਸੁਪਨੇ ਵਿੱਚ ਭਗਵਾਨ ਪ੍ਰਤੱਖ ਰੂਪ ਵਿੱਚ ਰਾਜੇ ਨੂੰ ਦਰਸ਼ਨ ਦਿੰਦੇ ਹਨ। ਕਵੀ ਦੀ ਕਲਮ ਲਿਖਦੀ ਹੈ।

ਕਬਿੱਤ :- ਰਾਜੇ ਸਲਵਾਨ ਤਾਂਈ, ਸੁਪਨਾ ਸੀ ਆਇਆ ਇੱਕ
ਸੁਪਨੇ ਚੁ ਦਰਸ, ਭਗਵਾਨ ਨੇ ਦਿਖਾਇਆ ਏ
ਗਦਾ ਤੇ ਪਦਮ, ਹੱਥ ਫੜਿਆ ਚੱਕਰ ਹੈ ਸੀ
ਸੰਖ ਤੇ ਚੱਕਰ, ਸੀਸ ਮੁਕਟ ਜੜਾਇਆ ਏ
ਸਰਬ ਕਲਾ ਤੇ ਸਮਰੱਥ ਆਜੂਨੀ ਹੈ ਜੋ
ਜੱਸ ਜੀਹਦਾ ਵੇਦਾਂ ਤੇ, ਪੁਰਾਣਾ ਨੇ ਵੀ ਗਾਇਆ ਏ
ਜੱਗ ਮਗ ਜੱਗ ਮਗ, ਹੋਇਆ ਪ੍ਰਕਾਸ਼ ਹੈ ਸੀ
ਮੂਰਤੀ ਚਤੁਰਭੁੱਜ, ਰੂਪ ਜੀ ਸਵਾਇਆ ਏ
ਦੀਨ ਤੇ ਦਇਆਲ, ਓਸ ਪ੍ਰਭੂ ਕ੍ਰਿਪਾਲ ਅੱਗੇ
ਰੋ ਰੋ ਕੇ ਹਾਲ ਰਾਜੇ ਆਪਣਾ ਬਤਾਇਆ ਏ
ਕਹੇ 'ਢਿਲੋਂ' ਕਵੀ ਮੈਨੂੰ ਪੁੱਤਰ ਦੀ ਦਾਤ ਦੇਵੋ
ਹੱਥ ਜੋੜ ਰਾਜੇ ਸਲਵਾਨ ਨੇ ਸੁਣਾਇਆ ਏ

ਰਾਜੇ ਸਲਵਾਨ ਨੇ ਹੱਥ ਜੋੜ ਕੇ ਚਤੁਰ ਭੁੱਜ ਮੂਰਤੀ ਅੱਗੇ ਖਲੋ ਕੇ ਆਪਣੇ ਦਿਲ ਦੀ ਵਿੱਥਿਆ, ਆਪਣੇ ਮਨ ਦੇ ਵਲਵਲੇ, ਆਪਣੀ ਮਨ ਦੀ ਮੁਰਾਦ ਨੂੰ ਪੂਰੀ ਕਰਨ ਵਾਸਤੇ ਭਗਵਾਨ ਅੱਗੇ ਕਿਸ ਤਰ੍ਹਾਂ ਪੁੱਤਰ ਪ੍ਰਾਪਤੀ ਲਈ ਅਰਜ਼ਾ ਕਰਦਾ ਹੈ। ਇਸ ਕਵਿਤਾ ਵਿੱਚ ਇਉ ਬਿਆਨ ਹੈ।



Sri Satguru Jagjit Singh Ji eLibrary NamdhariElibrary@gmail.com

## ਗੀਤ ਛੰਦ ੨

੧. ਰਾਤ ਪਈ ਰਾਜੇ ਸਲਵਾਨ ਨੂੰ ਸੁਪਨ ਆਇਆ
ਦਰਸ ਭਗਵਾਨ ਨੇ ਦਿਖਾਇਆ
ਗਦਾ ਤੇ ਪਦਮ ਹੱਥ ਫੜਿਆ ਚੱਕਰ ਹੈ ਸੀ
ਸੀਸ ਉਤੇ ਮੁਕਟ ਜੜਾਇਆ
ਸਰਬ ਕਲਾ ਉਹ ਸਮਰੱਥ ਆਜੂਨੀ ਹੈ ਜੋ
ਕਲਾਵਾਨ, ਕਲਾਧਾਰ ਆਇਆ
ਪ੍ਰੇਮ ਸਾਥ, ਜੋੜ ਹਾਥ, ਰਾਜੇ ਸਲਵਾਨ ਨੇ ਜੀ
ਵਾਸਤਾ ਪ੍ਰਭੂ ਦੇ ਅੱਗੇ ਪਾਇਆ

੨. ਵੇਦ ਤੇ ਕਤੇਬ ਸਭ ਧਰਮ ਗ੍ਰੰਥਾਂ ਨੇ ਜੀ
ਦੱਸਿਆ ਹੈ ਜਿਸਦਾ ਹਵਾਲ
ਜਗ ਮਗ, ਜਗ ਮਗ, ਜੋਤ ਪ੍ਰਕਾਸ਼ ਹੋਈ
ਚਤੁਰਭੁੱਜ ਮੂਰਤੀ ਅਕਾਲ
ਰਾਜੇ ਜਦੋਂ ਤੱਕਿਆ ਤੇ ਤੱਕਿਆ ਨਾ ਗਿਆ ਉਹਤੋਂ
ਨੂਰ ਹੈ ਸੀ ਦੂਣ ਤੇ ਸਵਾਇਆ
ਪ੍ਰੇਮ ਸਾਥ, ਜੋੜ ਹਾਥ,....................?



Sri Satguru Jagjit Singh Ji eLibrary NamdhariElibrary@gmail.com

੩. ਪੁੱਤਰ ਦੀ ਘਾਟ ਮੇਰੇ ਘਰ ਵਿੱਚ ਆਈ ਦਾਤਾ
ਦੱਸੀ ਰਾਜੇ ਆਪਣੀ ਕਹਾਣੀ
ਪੁੱਤਰਾਂ ਦੇ ਬਾਝੋ ਮਾਪੇ ਤੜਫ਼ ਤੜਫ਼ ਮੋਏ
ਜਿਵੇਂ ਮੱਛੀ ਮਰੇ ਬਿਨਾਂ ਪਾਣੀ
ਦੀਨ ਤੇ ਦਇਆਲ ਓਸ ਗੁਰੂ ਕ੍ਰਿਪਾਲ ਅੱਗੇ
ਰੋ ਰੋ ਹਾਲ ਆਪਣਾ ਸੁਣਾਇਆ
ਪ੍ਰੇਮ ਸਾਥ, ਜੋੜ ਹਾਥ,....................?

੪. ਪੁੱਤਰ ਪਰਾਂ ਦੇ ਉਤੇ ਉੱਡਦੇ ਨੇ ਮਾਪੇ ਸਾਰੇ
ਪੁੱਤਰ ਤਾਂ ਹੁੰਦੇ ਸਰਮਾਇਆ
ਰਿਸ਼ੀਆਂ ਤੇ ਮੁਨੀਆਂ ਤੇ ਗੁਰੂਆਂ ਤੇ ਪੀਰਾਂ ਤਾਂਈ
ਪੁੱਤਰ ਦੀ ਘਾਟ ਨੇ ਸਤਾਇਆ
ਫ਼ਲ ਨਹੀ ਲਾਉਣਾ ਸੀ ਤਾਂ ਏਸ ਜਗਤ ਵਿੱਚ
ਬੂਟਾ ਮੇਰਾ ਤੁਸਾਂ ਨੇ ਕਿਉਂ ਲਾਇਆ
ਪ੍ਰੇਮ ਸਾਥ, ਜੋੜ ਹਾਥ,....................?



Sri Satguru Jagjit Singh Ji eLibrary NamdhariElibrary@gmail.com

੫. ਪੁੱਤਰ ਨਿਸ਼ਾਨ ਹੁੰਦੇ, ਪੁੱਤਰ ਈਮਾਨ ਹੁੰਦੇ
ਪੁੱਤਰ ਤਾਂ ਹੁੰਦੇ ਹਮਸਾਇਆ
ਪੁੱਤਰ ਪਿਆਰੇ ਹੁੰਦੇ, ਪੁੱਤਰ ਸਹਾਰੇ ਹੁੰਦੇ
ਸੱਚ ਹੈ ਸਿਆਣਿਆਂ ਸੁਣਾਇਆ
ਪੁੱਤਰਾਂ ਦੇ ਨਾਲ ਗੰਢ ਪੈਂਦੀ ਹੈ ਜਹਾਨ ਵਿੱਚ
ਦੀਨ ਦੁਨੀ ਜੱਸ ਹੈ ਵਧਾਇਆ
ਪ੍ਰੇਮ ਸਾਥ, ਜੋੜ ਹਾਥ,....................?

੬. ਏਨੀ ਆਖ, ਸੱਚ ਭਾਖ, ਰਾਜੇ ਸਲਵਾਨ ਨੇ ਸੀ
ਪਾਸਾ ਨੀਂਦ ਵਿੱਚ ਪਰਤਾਇਆ
ਪੁੱਤਰ ਪਿਆਰਾ ਮੰਗ ਲਿਆ ਦਰਗਾਹ ਦੇ ਵਿੱਚੋਂ
ਇੱਛਰਾਂ ਦੀ ਗੋਦ ਚੁ ਬਿਠਾਇਆ
ਰਾਜਾ ਜਦੋਂ ਜਾਗਿਆ ਤਾਂ "ਸੇਵਕ ਸਿੰਘ" ਆਖੇ
ਓਥੇ ਕੁਝ ਨਜ਼ਰ ਨਾ ਆਇਆ
ਪ੍ਰੇਮ ਸਾਥ, ਜੋੜ ਹਾਥ, ਰਾਜੇ ਸਲਵਾਨ ਨੇ ਸੀ
ਵਾਸਤਾ ਪ੍ਰਭੂ ਦੇ ਅੱਗੇ ਪਾਇਆ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ਨੰ. ੩

ਕਵੀ ਕਾਲੀਦਾਸ ਜੀ ਲਿਖਦੇ ਹਨ।

ਮੁਦਤ ਗੁਜਰ ਗਈ ਜਦ ਉਸਨੂੰ, ਇੱਕ ਦਿਨ ਮਹਿਲੀ ਸੋਇਆ ਨੀਂਦ ਵਿਗੋਇਆ
ਖ਼ਬਰ ਅਚਾਨਕ ਦਿੱਤੀ ਦਾਈਆਂ ਲੜਕਾ ਹੈ ਘਰ ਹੋਇਆ ਸ਼ਾਮ ਸਲੋਇਆ
ਸ਼ੁਭ ਵੇਲੇ ਸ਼ੁਭ ਘੜੀ ਮਹੂਰਤ ਬੀਜ ਧਰਮ ਦਾ ਬੋਇਆ, ਬਰਤ ਦਬੋਇਆ
ਕਾਲੀਦਾਸਾ ਸਮਾਂ ਪਾਇਕੇ ਹੁਣ ਉਹ ਉੱਗ ਖਲੋਇਆ ਨਵਾਂ ਨਰੋਇਆ

ਭਗਵਾਨ ਨੇ ਕਿਰਪਾ ਕੀਤੀ ਰਾਜੇ ਦੀ ਮੁਰਾਦ ਪੂਰੀ ਹੋਈ। ਜਿਸ ਵੇਲੇ ਦਾ ਰਾਜੇ ਨੂੰ ਬੇਸਬਰੀ ਨਾਲ ਇੰਤਜਾਰ ਸੀ ਉਹ ਵੇਲਾ ਆ ਗਿਆ। ਸੁੰਞੇ ਮਹਿਲਾਂ ਦੇ ਵਿੱਚ ਬੱਚੇ ਦੀਆਂ ਕਿਲਕਾਰੀਆਂ ਗੂੰਜਣ ਲੱਗੀਆਂ, ਢੋਲ ਵਾਜੇ ਵੱਜਣ ਲੱਗੇ। ਗਰੀਬਾਂ ਨੂੰ ਰਾਜੇ ਨੇ ਮਨ ਇੱਛਤ ਦਾਨ ਦਿੱਤਾ। ਠਾਕੁਰ ਦੁਆਰੇ, ਮਸੀਤਾਂ, ਧਰਮ ਅਸਥਾਨਾਂ ਤੇ ਰਾਜੇ ਵੱਲੋਂ ਸੋਨਾ ਚਾਂਦੀ, ਹੀਰੇ ਮੋਤੀ, ਅਨਮੁੱਲੀਆ ਵਸਤੂਆਂ ਭੇਟ ਕੀਤੀਆਂ ਗਈਆਂ। ਗੱਲ ਕੀ ਹਰ ਪਾਸੇ ਹੀ ਖੁਸ਼ੀਆਂ ਦਾ ਮਾਹੌਲ ਸਿਰਜਿਆ। ਉਸ ਸਮੇਂ ਦੇ ਦ੍ਰਿਸ਼ ਨੂੰ ਕਵੀ ਦੀ ਕਲਮ ਇਸ ਤਰਾਂ ਬਿਆਨ ਕਰ ਰਹੀ ਹੈ।



Sri Satguru Jagjit Singh Ji eLibrary NamdhariElibrary@gmail.com

# ਦੋਤਾਰਾ ਛੰਦ ੩

੧. ਪੁੱਤਰ ਚੰਦ ਵਰਗਾ ਸੀ ਇੱਛਰਾਂ ਮਾਂ ਦੀ ਅੱਖ ਦਾ ਤਾਰਾ
ਯੂਸਫ਼ ਤੋਂ ਸੋਹਣਾ ਸੀ ਕੋਮਲ ਪਿਆਰਾ ਰਾਜ ਦੁਲਾਰਾ
ਰਾਜੇ ਸਲਵਾਨ ਤਾਂਈ ਖ਼ਬਰ ਅਚਾਨਕ ਦਿੱਤੀ ਦਾਈਆਂ
ਰਾਜੇ ਦੇ ਮਹਿਲਾ ਚੁ ਖੁਸ਼ੀਆਂ ਹੋਈਆਂ ਦੂਣ ਸਵਾਈਆਂ

੨. ਸ਼ੁਭ ਵੇਲੇ ਸ਼ੁਭ ਘੜੀ ਰਾਜੇ ਬੀਜ ਧਰਮ ਦਾ ਬੋਇਆ
ਕੋਈ ਪਿਛਲੇ ਜਨਮਾਂ ਦਾ ਪਰਗਟ ਕਰਮ ਮੱਥੇ ਦਾ ਹੋਇਆ
ਸਭ ਹੱਕ ਤੇ ਸੱਚ ਦੀਆਂ ਫ਼ਲੀਆਂ ਫੁੱਲੀਆਂ ਨੇਕ ਕਮਾਈਆਂ
ਰਾਜੇ ਦੇ ਮਹਿਲਾਂ......................?

੩. ਸਭ ਸੱਜਣ ਫੱਬਣ ਜੀ ਗੱਜਣ ਵੱਜਣ ਢੋਲ ਨਗਾਰੇ
ਬਾਲਕ ਦੇ ਸਿਰ ਉਤੋ ਰਾਜੇ ਨੇ ਮੋਤੀ ਹੀਰੇ ਵਾਰੇ
ਦੇਵੀ ਤੇ ਦੇਵਤੇ ਵੀ ਪਰੀਆਂ ਫੁੱਲ ਬਰਸਾਵਣ ਆਈਆਂ
ਰਾਜੇ ਦੇ ਮਹਿਲਾਂ......................?



Sri Satguru Jagjit Singh Ji eLibrary NamdhariElibrary@gmail.com

੪. ਸੋਨਾ ਤੇ ਚਾਂਦੀ ਵੀ ਭੇਟਾ ਕੀਤੇ ਠਾਕੁਰ ਦੁਆਰੇ
ਮੁੱਖੜੇ ਨੂੰ ਚੁੰਮ ਚੁੰਮ ਕੇ ਰਾਜਾ ਜਾਨ ਪੁੱਤਰ ਤੋਂ ਵਾਰੇ
ਮੰਤਰੀ ਵਜੀਰਾਂ ਨੇ ਦਿੱਤੀਆਂ ਰਲ ਮਿਲ ਆਣ ਵਧਾਈਆਂ
ਰਾਜੇ ਦੇ ਮਹਿਲਾਂ......................?

੫. ਪੰਡਤ ਸਭ ਸੱਦੇ ਸੀ ਪੱਤਰੀ ਲਾ ਕੇ ਜੋਤਸ਼ ਪੜਦਾ
ਸਭ ਦਾ ਸਤਿਕਾਰ ਕਰੇ ਰਾਜਾ ਸਭ ਦੀ ਸੇਵਾ ਕਰਦਾ
ਭੋਜਨ ਕਰਵਾਇਆ ਤੇ ਸਭ ਨੂੰ ਵਸਤਾਂ ਭੇਟ ਚੜਾਈਆਂ
ਰਾਜੇ ਦੇ ਮਹਿਲਾਂ......................?

੬. ਫਿਰ ਖੋਲ ਪੱਤਰੀ ਨੂੰ ਪੰਡਤਾਂ ਨੇ ਸੀ ਟੇਵਾ ਲਾਇਆ
ਸਭ ਕੁਝ ਸੀ ਜਾਨ ਲਿਆ ਉਹਨਾਂ ਅਗਲਾ ਸਮਾਂ ਬਤਾਇਆ
ਜੋ ਚੰਗੀਆਂ ਮੰਦੀਆਂ ਸੀ ਗੱਲਾਂ ਸਭ ਸੀ ਖੋਹਲ ਸੁਣਾਈਆਂ
ਰਾਜੇ ਦੇ ਮਹਿਲਾਂ......................?

੭. ਮੱਥੇ ਦੀਆਂ ਲਿਖੀਆਂ ਜੋ ਲੀਕਾਂ ਨਾ ਜਾਵਣ ਉਲਟਾਈਆਂ
ਕਰਮਾਂ ਦੀਆਂ ਲਿਖੀਆਂ ਜੋ ਉਹ ਰਾਜੇ ਦੇ ਅੱਗੇ ਆਈਆਂ
ਗੁਰਸੇਵਕ ਸਿੰਘ ਕਵੀ, ਗੱਲਾਂ ਸੱਚੀਆਂ ਆਖ ਸੁਣਾਈਆਂ
ਰਾਜੇ ਦੇ ਮਹਿਲਾਂ ਚੁ ਖੁਸ਼ੀਆਂ ਹੋਈਆਂ ਦੂਣ ਸਵਾਈਆਂ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ਨੰ: ੪

ਰਾਜ ਘਰਾਣੇ ਦੀ ਰੀਤੀ ਅਨੁਸਾਰ ਪੁੱਤਰ ਦਾ ਟੇਵਾ ਲਗਵਾਉਣ ਵਾਸਤੇ ਜਨਮ ਪੱਤਰੀ ਬਣਵਾਉਣ ਲਈ ਬਹੁਤ ਬਹੁਤ ਸਿਆਣੇ ਵਿਦਵਾਨ ਪੰਡਤ ਜੋਤਸ਼ੀਆਂ ਨੂੰ ਬੁਲਾ ਕੇ ਰਾਜੇ ਨੇ ਇਸ ਪ੍ਰਕਾਰ ਆਖਿਆ।

ਕਬਿੱਤ : ਜੋਤਸ਼ੀਆਂ ਤਾਂਈ, ਰਾਜੇ ਸੱਦ ਕੇ ਹੈ ਆਖਿਆ ਜੀ
ਪੁੱਤਰ ਦਾ ਹਾਲ ਤੁਸੀ, ਖੋਲਕੇ ਸੁਨਾਂਵਣਾ
ਸੁਨਾਵਣਾ ਹੈ ਹਾਲ ਸਾਰਾ, ਰਤਾ ਘਬਰਾਵਨਾ ਨਾ
ਆਉਣ ਵਾਲੇ ਸਮੇਂ ਬਾਰੇ, ਮੈਨੂੰ ਬਤਲਾਵਣਾਂ
ਬਤਾਵਣਾਂ ਪ੍ਰੇਮ ਨਾਲ, ਸਾਰਾ ਹੀ ਤੁਸਾਂ ਹਵਾਲ
ਜੋਤਸ਼ ਦਾ ਸਹੀ ਤੁਸਾਂ, ਟੇਵਾ ਹੁਣ ਲਾਵਣਾਂ
ਲਾਵਣਾਂ ਹੈ ਟੇਵਾ ਅੱਛਾ, ਸੇਵਕ ਸਿੰਘ ਸੱਚਾ
ਲਿਖਿਆ ਉਹ ਹਾਲ, ਜਿਹੜਾ ਗੁਰੂ ਨੇ ਲਿਖਾਵਣਾਂ

ਜੋਤਸ਼ੀਆਂ ਨੇ ਪੁੱਛਿਆ ਰਾਜਾ ਜਦੋਂ ਬਾਲਕ ਦਾ ਜਨਮ ਹੋਇਆ ਕਿਹੜਾ ਸਮਾਂ ਸੀ ਕਿਹੜਾ ਦਿਨ ਸੀ। ਰਾਜੇ ਦੇ ਦੱਸਣ ਅਨੁਸਾਰ ਜੋਤਸ਼ੀ ਟੇਵਾ ਲਾਉਂਦੇ ਹਨ। ਜਨਮ ਪੱਤਰੀ ਬਣਾਉਂਦੇ ਹਨ। ਗ੍ਰਹਿਆਂ ਦੀ ਚਾਲ ਨੂੰ ਵੇਖਕੇ ਹਿਸਾਬ ਕਿਤਾਬ ਲਾ ਕੇ ਬੱਚੇ ਦੀ ਜੀਵਨੀ ਬਾਰੇ ਭਵਿੱਖ ਬਾਣੀ ਕਰਦੇ ਹਨ। ਹੇ ਰਾਜਾ ਤੇਰੇ ਇਸ ਬਾਲਕ ਵਾਸਤੇ ਸੂਰਜ ਵੀ ਸ਼ੁਭ ਹੈ, ਚੰਦਰਮਾ ਵੀ ਚੰਗਾ ਹੈ। ਬ੍ਰਹਿਸਪਤ ਵੀ ਠੀਕ ਹੈ। ਪਰ



Sri Satguru Jagjit Singh Ji eLibrary NamdhariElibrary@gmail.com

ਰਾਹੂ ਕੇਤੂ ਵਿੱਚ ਖੋਟੇ ਹਨ। ਤੇ ਇਸ ਬਾਲਕ ਤੇ ਭਾਰੂ ਹਨ। ਰਾਜਾ ਤੇਰੇ ਪੁੱਤਰ ਦੀ ਜ਼ਿੰਦਗੀ ਵਿੱਚ ਬਹੁਤ ਵੱਡੇ ਸੰਕਟ ਆਉਣ ਦੀ ਸੰਭਾਵਨਾ ਹੈ। ਰਾਜਾ ਨਿਮਰਤਾ ਸਾਹਿਤ ਜੋਤਸ਼ੀਆਂ ਕੋਲੋਂ ਉਪਾਅ ਪੁੱਛਦਾ ਹੈ। ਹੇ ਵਿਦਵਾਨ ਪੰਡਤੋਂ ਤੁਸੀ ਵੇਦਾਂ ਸ਼ਾਸਤਰਾਂ ਦੇ ਗਿਆਤਾ ਹੋ, ਭੂਤ ਭਵਿੱਖ ਨੂੰ ਜਾਨਣ ਵਾਲੇ ਹੋ। ਕੋਈ ਇਸ ਤਰਾਂ ਦਾ ਉਪਾਅ ਦੱਸੋ ਜਿਸ ਨਾਲ ਮੇਰਾ ਪੁੱਤਰ ਸੁਰੱਖਿਅਤ ਰਹਿ ਸਕੇ। ਜੋਤਸ਼ੀਆਂ ਨੇ ਕਿਹਾ। ਹੇ ਰਾਜਾ ੧੨ ਸਾਲ ਆਪਣੇ ਪੁੱਤਰ ਦੇ ਮੱਥੇ ਨਾ ਲੱਗੀ। ਆਪਣੇ ਪਿਆਰੇ ਪੁੱਤਰ ਨੂੰ ੧੨ ਸਾਲ ਭੋਰੇ ਵਿੱਚ ਪਾ ਦੇਵੋ ਜੋਤਸ਼ੀ ਜਿਵੇਂ ਭਵਿੱਖ ਬਾਣੀ ਕਰਦੇ ਹਨ। ਉਸ ਵੇਲੇ ਦਾ ਹਾਲ ਕਵੀ ਦੀ ਕਲਮ ਇੰਵ ਬਿਆਨ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਕੋਰੜਾ ਛੰਦ 4

1. ਬੁੱਧੀਵਾਨ ਪੰਡਤ ਇਲਮ ਲਾਂਵਦੇ
ਪੂਰਨ ਦੀ ਖੋਲ ਪੱਤਰੀ ਸੁਨਾਂਵਦੇ
ਹੋਣੀ ਜਿਹੜੀ ਅੱਗੋ ਸੁਣ ਕਾਰ ਰਾਜਿਆ
ਪੂਰਨ ਨੂੰ ਭੋਰੇ ਵਿੱਚ ਡਾਰ ਰਾਜਿਆ

2. ਸੂਰਜ ਤੇ ਚੰਦ ਕਾਰਜ ਸਵਾਰੂ ਆ
ਰਾਹੂ ਕੇਤੂ ਇਸ ਬਾਲਕ ਤੇ ਭਾਰੂ ਆ
ਬ੍ਰਹਿਸਪਤ ਚੰਗੇ ਨੇ ਅਸਾਰ ਰਾਜਿਆ
ਪੂਰਨ ਨੂੰ............................?

3. ਲਿਖੇ ਲੇਖ ਮੱਥੇ ਦੇ ਕਦੇ ਨਾ ਮਿਟਦੇ
12 ਸਾਲ ਬਾਲਕ ਭੋਰੇ ਚੁ ਸਿੱਟਦੇ
ਗੋਦੀ ਚੁੱਕ ਕਰੀ ਨਾ ਪਿਆਰ ਰਾਜਿਆ
ਪੂਰਨ ਨੂੰ...........................?



Sri Satguru Jagjit Singh Ji eLibrary NamdhariElibrary@gmail.com

4. ਬਾਲਕ ਦੇ ਨਾਲ ਤੂੰ ਸਪਰਸ਼ ਕਰੀਂ ਨਾ
12 ਸਾਲ ਏਸਦਾ ਦਰਸ ਕਰੀਂ ਨਾ
ਪਈ ਤੈਨੂੰ ਕਰਮਾਂ ਦੀ ਮਾਰ ਰਾਜਿਆ
ਪੂਰਨ ਨੂੰ..........................?

5. ਹੋਣੀ ਅੱਗੇ ਕਿਸੇ ਦੀ ਨਾ ਪੇਸ਼ ਜਾਂਵਦੀ
ਹੋਣਹਾਰ ਰੰਗ ਆਪਣੇ ਵਿਖਾਂਵਦੀ
ਮੱਥੇ ਵਾਲੇ ਲੇਖ ਦੇ ਗਏ ਹਾਰ ਰਾਜਿਆ
ਪੂਰਨ ਨੂੰ..........................?

6. ਗੋਪੀ ਚੰਦ ਰਾਜਾ ਤਖ਼ਤ ਤੋਂ ਲਾਹਿਆ ਸੀ
ਹੱਥ ਵਿੱਚ ਠੂਠਾ ਓਸਦੇ ਫੜਾਇਆ ਸੀ
ਇਹ ਵੀ ਸਭ ਹੋਣੀ ਦੀ ਸੀ ਕਾਰ ਰਾਜਿਆ
ਪੂਰਨ ਨੂੰ..........................?

7. ਰਾਜਾ ਹਰੀ ਚੰਦ ਜਤੀ ਸਤੀ ਭਾਰਾ ਸੀ
ਖੇਰੂ ਖੇਰੂ ਹੋਇਆ ਪਰੀਵਾਰ ਸਾਰਾ ਸੀ
ਉਹਦੇ ਉਤੇ ਹੋਣੀ ਕੀਤੇ ਵਾਰ ਰਾਜਿਆ
ਪੂਰਨ ਨੂੰ..........................?



Sri Satguru Jagjit Singh Ji eLibrary NamdhariElibrary@gmail.com

8. ਰਾਜਾ ਸਲਵਾਨ ਸੀ ਹੈਰਾਨ ਹੋ ਗਿਆ
ਮੁੱਖ ਤੇ ਉਦਾਸੀ ਪਰੇਸ਼ਾਨ ਹੋ ਗਿਆ
ਮਹਿਲਾਂ ਵਿੱਚੋਂ ਉੱਡ ਗਈ ਬਹਾਰ ਰਾਜਿਆ
ਪੂਰਨ ਨੂੰ..........................?

9. ਜਿਹੜਾ ਸਾਰੇ ਜਗਤ ਨੂੰ ਪ੍ਰਤਿਪਾਲਦਾ
ਮੰਨ ਲੈ ਤੂੰ ਭਾਣਾ ਪੁਰਖ ਅਕਾਲ ਦਾ
ਮੂਰਤ ਪਿਆਰੀ ਮਨ ਧਾਰ ਰਾਜਿਆ
ਪੂਰਨ ਨੂੰ..........................?

10. ਕਵੀ, 'ਗੁਰਸੇਵਕ', ਨੇ ਸੱਚ ਦੱਸਿਆ
ਹੋਣੀ ਅੱਗੇ ਅੜਕੇ ਕੋਈ ਨਾ ਵੱਸਿਆ
ਹੋਣੀ ਅੱਗੇ ਹਾਰ ਗਏ ਹਜ਼ਾਰ ਰਾਜਿਆ
ਪੂਰਨ ਨੂੰ..........................?



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ਨੰ. 5

ਰਾਜੇ ਨੇ ਪੰਡਤਾਂ ਦੀ ਸਲਾਹ ਮੰਨ ਕੇ ਮਹਿਲਾਂ ਵਿੱਚ ਇੱਕ ਬਹੁਤ ਹੀ ਸੁੰਦਰ ਭੋਰੇ ਦਾ ਨਿਰਮਾਣ ਕਰਵਾਇਆ ਜਿਸ ਦੇ ਅੰਦਰ ਹੀ ਹਰ ਇੱਕ ਸੁਵਿਧਾ ਦਾ ਪ੍ਰਬੰਧ ਕੀਤਾ ਗਿਆ । ਫੇਰ ਰਾਜੇ ਨੇ ਅਹਿਲਕਾਰਾਂ ਨੂੰ ਇਸ ਤਰ੍ਹਾਂ ਹੁਕਮ ਕੀਤਾ ।

ਕਬਿੱਤ : ਰਾਜੇ ਸਲਵਾਨ ਨੇ, ਵਜ਼ੀਰਾਂ ਤਾਂਈ ਆਖਿਆ ਏ
ਪੂਰਨ ਨੂੰ ਫੜ ਕੇ ਤੇ ਭੋਰੇ ਵਿੱਚ ਡਾਰ ਦੇਵੋ
12 ਸਾਲ ਕੱਢਿਓ ਨਾ, ਭੋਰੇ ਵਿੱਚੋਂ ਬਾਹਰ ਏਹਨੂੰ
ਓਥੇ ਕਰੋ ਟਹਿਲ ਸੇਵਾ, ਓਥੇ ਹੀ ਪਿਆਰ ਦੇਵੋ
ਭੋਰੇ ਕੋਲ ਪੂਰਨ ਦੀ, ਰਾਖੀ ਹਿੱਤ ਤਤਛਿਨ
ਪਹਿਰੇਦਾਰ ਪੂਰਨ ਦੇ, ਭੋਰੇ ਤੇ ਖਿਲਾਰ ਦੇਵੋ
ਅੰਨ ਜਲ ਦੁੱਧ ਸੁੱਧ, ਓਥੇ ਦੇਵੋ ਸਭ ਕੁਝ
ਪੂਰਨ ਨੂੰ ਭੋਰੇ ਵਿੱਚ, ਰੱਜ ਕੇ ਪਿਆਰ ਦੇਵੋ
ਕਵੀ, 'ਗੁਰਸੇਵਕ', ਨੇ ਲਿਖਣਾ ਹਵਾਲ ਸਾਰਾ
ਪੂਰਨ ਦੇ ਭੋਰੇ ਕੋਲ, ਓਸਨੂੰ ਖਿਲਾਰ ਦੇਵੋ

ਰਾਜੇ ਦੇ ਹੁਕਮ ਅਨੁਸਾਰ * ਪੂਰਨ ਨੂੰ ਭੋਰੇ ਵਿੱਚ ਪਾਇਆ ਗਿਆ । ਹਰ ਤਰਾਂ ਦੀ ਟਹਿਲ ਸੇਵਾ ਹੋਣ ਲੱਗੀ । ਦਾਸ ਦਾਸੀਆਂ ਹਰ ਵੇਲੇ ਸੇਵਾ ਵਿੱਚ ਹਾਜ਼ਰ ਰਹਿੰਦੇ । ਮਾਤਾ ਇੱਛਰਾਂ ਵੀ ਪੁੱਤਰ ਦਾ ਮੱਥਾ ਚੁੰਮਦੀ ਗੋਦੀ ਚੁੱਕ ਕੇ ਖਿਡਾਉਂਦੀ ਹੈ । 3 ਬਰਸ ਦਾ ਪੂਰਨ ਹੋਇਆ ਤੇ ਬੜੇ ਪਿਆਰੇ (2) ਤੋਤਲੀ ਜ਼ੁਬਾਨ ਵਿੱਚ ਬੋਲ ਬੋਲਣ ਲੱਗਾ । ਚਾਰ ਬਰਸ ਦੀ ਉਮਰ ਵਿੱਚ ਪੂਰਨ ਦੇ



Sri Satguru Jagjit Singh Ji eLibrary NamdhariElibrary@gmail.com

ਕੰਨਾਂ ਵਿੱਚ ਵਾਲੇ ਪਾਏ ਗਏ ਚੰਦਰਮਾਂ ਵਰਗਾ ਸੁੰਦਰ ਮੁੱਖੜਾ, ਕੰਵਲ ਵਰਗੇ ਨੈਣ, ਕਾਲੀਆਂ ਘਾਟਾਵਾਂ ਵਰਗੇ ਘੁੰਗਰਾਲੇ ਵਾਲ, ਮਨਮੋਹਣੀ ਮੂਰਤ ਸਭ ਨੂੰ ਮੋਂਹਦੀ ਹੈ । ਪੰਜ ਬਰਸ ਦੀ ਉਮਰ ਵਿੱਚ ਪੰਡਤ ਮੌਲਵੀ ਪੜਾਉਣ ਲਈ ਆਉਣ ਲੱਗੇ । ਛੇਵੇ ਬਰਸ ਵਿੱਚ ਮੁੱਖੜਾ ਹੋਰ ਵੀ ਨੂਰਾਨੀ ਹੋ ਗਿਆ । ਸਤਵੇਂ ਬਰਸ ਵਿੱਚ ਪੰਡਤਾਂ ਕੋਲੋਂ ਪੜਿਆ ਗਿਆਨ ਮਨ ਤੇ ਅਸਰ ਕਰਨ ਲੱਗਾ । 8 ਬਰਸ ਦੀ ਉਮਰ ਵਿੱਚ ਬਿਰਤੀ ਪ੍ਰਭੂ ਚਰਨਾਂ ਨਾਲ ਜੁੜਨੀ ਆਰੰਭ ਹੋ ਗਈ । 9 ਬਰਸ ਦੀ ਉਮਰ ਵਿੱਚ ਸ਼ਾਸਤਰ ਵਿੱਦਿਆ ਉਸਤਾਦਾਂ ਕੋਲੋਂ ਸਿੱਖਣੀ ਆਰੰਭ ਕਰ ਦਿੱਤੀ । ਦਸਵੇਂ ਬਰਸ ਵਿੱਚ ਕਸ਼ੋਰ ਅਵਸਥਾ ਆ ਗਈ । ਬੁੱਧੀ ਵਿਵੇਕਸ਼ੀਲ ਹੋ ਗਈ । ਸੱਚ ਝੂਠ ਦੀ ਪਰਖ ਤੇ ਸ਼ਸ਼ਤਰ ਦਾ ਗਿਆਨ ਹਿਰਦੇ ਵਿੱਚ ਦ੍ਰਿੜ ਹੋ ਗਿਆ । 11 ਬਰਸ ਦੀ ਉਮਰ ਵਿੱਚ ਹਿੰਦੀ, ਸੰਸਕ੍ਰਿਤ, ਨਾਗਰੀ, ਇਲਮ ਹਾਸਲ ਕੀਤਾ, ਬਾਰਵਾਂ ਬਰਸ ਪੂਰਨ ਭੋਰੇ ਵਿੱਚ ਬਿਤਾਉਣ ਲੱਗਾ । ਪੂਰਨ ਨੇ ਭੋਰੇ ਵਿੱਚ 12 ਸਾਲ ਕਿਵੇਂ ਬਤੀਤ ਕੀਤੇ ਇੰਞ ਬਿਆਨ ਹੈ ।

---

**ਨੋਟ** :✳ ਪੂਰਨ ਸਲਵਾਹਨ ਦਾ ਪੁੱਤਰ ਰਸਾਲੂ ਦਾ ਭਾਈ ਸਿਆਲਕੋਟ ਤੋਂ ਚਾਰ ਮੀਲ ਉੱਤਰ ਵੱਲ ਪੂਰਨ ਦਾ ਖੂਹ ਹੈ, ਜਿਸ ਵਿੱਚ ਮਤੇਈ ਦੇ ਆਖੇ ਪੂਰਨ ਸੁੱਟਿਆ ਗਿਆ । ਗੋਰਖ ਨਾਥ ਨੇ ਕੱਢਿਆ । ਗੋਰਖਨਾਥ ਦੇ ਬੈਠਣ ਦਾ ਟਿੱਬਾ ਵੀ ਖੂਹ ਪਾਸ ਹੈ । ਸੰਤਾਨ ਦੀ ਇੱਛਾ ਵਾਲੀਆਂ ਅਨੇਕ ਜਾਤੀ ਦੀਆਂ ਇਸਤਰੀਆਂ ਪੂਰਨ ਦੇ ਖੂਹ ਤੇ ਆ ਕੇ ਇਸ਼ਨਾਨ ਕਰਦੀਆਂ ਹਨ । ਏਥੋਂ ਦੇ ਪੁਜਾਰੀ ਜੋਗੀ ਹਨ । ਸਿਆਲ ਕੋਟ ਸ਼ਹਿਰ ਵਿੱਚ ਪੂਰਨ ਦਾ ਭੋਰਾ ਵੀ ਹੈ । ਜਿਸ ਵਿੱਚ ਜੋਤਸ਼ੀਆ ਦੇ ਆਖੇ ਪੂਰਨ ਨੂੰ ਰੱਖਿਆ ਸੀ । (ਮਹਾਨਕੋਸ਼)



Sri Satguru Jagjit Singh Ji eLibrary NamdhariElibrary@gmail.com

# ਛੰਦ ਲੰਡੀ ਝੋਕ 5

1. ਰਾਜੇ ਦਾ ਹੁਕਮ ਪਾ ਲਿਆ ਸ਼ਾਹੀ ਵਜੀਰਾਂ ਨੇ
ਰਤਾ ਵੀ ਤਰਸ ਨਾ ਕੀਤਾ ਲਿਖੀਆਂ ਤਕਦੀਰਾਂ ਨੇ
ਲੈ ਜਾਵੋ ਤੁਰਤ ਏਸ ਨੂੰ ਮੁੱਖੋਂ ਸੁਣਾ ਦਿੱਤਾ
ਪੂਰਨ ਨੂੰ ਭੋਰੇ ਦੇ ਵਿੱਚ ਰਾਜੇ ਨੇ ਪਾ ਦਿੱਤਾ

2. ਇੱਕ ਦੋ ਜਾਂ ਬਰਸ ਬੀਤ ਗਏ ਤੀਸਰਾ ਆਇਆ ਏ
ਪੂਰਨ ਦੀ ਮਿੱਠੀ ਬੋਲੀ ਨੇ ਸਭ ਨੂੰ ਭਰਮਾਇਆ ਏ
ਇੱਛਰਾਂ ਨੇ ਲਾਡ ਲਡਾਏ ਚਰਨਾਂ ਵਿੱਚ ਥਾਂ ਦਿੱਤਾ
ਪੂਰਨ ਨੂੰ.............................?

3. ਚੌਥਾ ਜਾਂ ਬਰਸ ਬੀਤਿਆ ਕੰਨੀ ਪਾਏ ਵਾਲੇ ਨੇ
ਸੁੰਦਰ ਮੁੱਖ ਕੰਵਲ ਨੈਣ ਜੋ ਕਾਲੇ ਮਤਵਾਲੇ ਨੇ
ਨਰਗਸ ਹੋਵੇ ਸ਼ਰਮਿੰਦੀ ਰੂਪ ਅਲਾ ਦਿੱਤਾ
ਪੂਰਨ ਨੂੰ.............................?



Sri Satguru Jagjit Singh Ji eLibrary NamdhariElibrary@gmail.com

4. ਪੰਜਵਾਂ ਜਾਂ ਬਰਸ ਬੀਤਿਆ ਪੰਜੇ ਵੱਸ ਕਰਦਾ ਏ
ਪੰਜੇ ਨਾ ਹਾਵੀ ਹੋਵਣ ਪੰਜਾ ਤੋਂ ਡਰਦਾ ਏ
ਚਰਨੀਂ ਪਰਮੇਸ਼ਰ ਦੇ ਸੀ ਮਨ ਤਾਂਈਂ ਲਾ ਦਿੱਤਾ
ਪੂਰਨ ਨੂੰ................................?

5. ਛੇਵਾਂ ਤੇ ਸੱਤਵਾਂ ਅੱਠਵਾਂ ਨੌਵਾਂ ਵੀ ਬੀਤਾ ਏ
ਪੜਦਾ ਏ ਇਲਮ ਫ਼ਾਰਸੀ ਭਗਵਤੀ ਗੀਤਾ ਏ
ਦਸਵੇਂ ਤੇ ਯਾਰਵੇ ਦੇ ਵਿੱਚ ਕੁਦਰਤ ਨੇ ਰਾਹ ਦਿੱਤਾ
ਪੂਰਨ ਨੂੰ..............................?

6. ਬਾਰਵਾਂ ਬਰਸ ਜਾਂ ਆਇਆ ਆਈ ਬਹਾਰ ਆ
ਪੂਰਨ ਨੂੰ ਭੋਰੇ ਵਿਚੋਂ ਕੱਢਿਆਂ ਜਾ ਬਾਹਰ ਆ
'ਸੇਵਕ ਸਿੰਘ' ਗੀਤ ਖੁਸ਼ੀ ਦਾ ਰਾਜੇ ਨੇ ਗਾ ਦਿੱਤਾ
ਪੂਰਨ ਨੂੰ................................?



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੬

ਬਾਰਾਂ ਬਰਸ ਜਾਂ ਪੂਰੇ ਹੋਏ ਪੂਰਨ ਨੂੰ ਭੋਰੇ ਵਿੱਚੋਂ ਕੱਢਣ ਦਾ ਸਮਾਂ ਆ ਗਿਆ । ਰਾਜੇ ਨੇ ਸਾਰੇ ਮਹਿਲ ਨੂੰ ਦੁਲਹਨ ਦੀ ਤਰ੍ਹਾਂ ਸਜਾ ਦਿੱਤਾ । ਢੋਲ ਨਗਾਰਿਆਂ ਦਾ ਪ੍ਰਬੰਧ ਕੀਤਾ ਗਿਆ । ਲੋਕ ਪੂਰਨ ਨੂੰ ਵੇਖਣ ਵਾਸਤੇ ਬੜੇ ਚਾਵਾਂ ਨਾਲ ਆਏ । ਜਦੋਂ ਪੂਰਨ ਨੇ ਪਹਿਲਾ ਕਦਮ ਭੋਰੇ ਚੋਂ ਬਾਹਰ ਰੱਖਿਆ । ਦਾਸ ਦਾਸੀਆਂ, ਆਪਣੇ ਮਾਤਾ ਪਿਤਾ ਦੇ ਚਰਨੀਂ ਹੱਥ ਲਾ ਕੇ ਅਸ਼ੀਰਵਾਦ ਪ੍ਰਾਪਤ ਕੀਤਾ । ਰਾਜੇ ਨੇ ਪੁੱਤਰ ਨੂੰ ਘੁੱਟਕੇ ਕਲੇਜੇ ਨਾਲ ਲਾਇਆ । ਅੱਖਾਂ ਵਿੱਚੋਂ ਪ੍ਰੇਮ ਰੂਪੀ ਅੱਥਰੂ ਵਹਿਣ ਲੱਗੇ । ੧੨ ਬਰਸਾਂ ਤੋਂ ਪੁੱਤਰ ਨੂੰ ਮਿਲਣ ਦੀ ਇੱਛਾ ਅੱਜ ਪੂਰੀ ਹੋ ਗਈ । ਆਪਣੇ ਪੁੱਤਰ ਨੂੰ ਜਵਾਨ ਹੋਇਆ ਵੇਖਕੇ ਰਾਜੇ ਨੂੰ ਚਾਅ ਚੜ ਗਿਆ ।

ਕਬਿੱਤ :- ਬਾਰਵਾਂ ਬਰਸ ਜਦੋਂ, ਬੀਤਿਆ ਤਰਸ ਤਰਸ
ਰਾਜਾ ਸਲਵਾਨ, ਫੇਰ ਹੁਕਮ ਸੁਨਾਂਵਦਾ
ਪੂਰਨ ਨੂੰ ਭੋਰੇ ਵਿੱਚੋਂ ਕੱਢਿਆ, ਵਜੀਰਾਂ ਬਾਹਰ
ਪੁੱਤਰ ਦਾ ਮੁੱਖ ਵੇਖ, ਖੁਸ਼ੀਆ ਮਨਾਂਵਦਾ
ਪੁੱਤਰ ਵਿਛੋੜੇ ਵਾਲੀ, ਅੱਗ ਵਿੱਚ ਸੜ ਰਿਹਾ
ਪੁੱਤਰ ਨੂੰ ਮਿਲਕੇ ਤੇ, ਸੀਨੇ ਠੰਢ ਪਾਂਵਦਾ
ਕਹੇ 'ਗੁਰਸੇਵਕ' ਹੈ ਪੁੱਤ ਦਾ ਵਿਛੋੜਾ ਫੋੜਾ
ਪੁੱਤਰ ਮਿਲਾਪ ਮਲ੍ਹਮ, ਜਖਮਾਂ ਤੇ ਲਾਂਵਦਾ

ਇਸ ਖੁਸ਼ੀ ਦੇ ਮਾਹੌਲ ਨੂੰ ਹੋਰ ਵੀ ਸੁਹਾਵਣਾ ਬਣਾਉਣ ਵਾਸਤੇ ਰਾਜੇ ਨੇ ਵਜੀਰਾਂ ਨੂੰ



Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਕਾਰ ਆਖਿਆ।

ਕਬਿੱਤ :- ਪੂਰਨ ਜਵਾਨ ਹੋਇਆ, ਨੇਕ ਇਨਸਾਨ ਹੋਇਆ
ਰਾਜੇ ਤਾਂਈਂ ਫੇਰ ਇਸ ਗੱਲ ਨੇ ਸਤਾਇਆ ਏ
ਸੱਦਕੇ ਵਜ਼ੀਰਾਂ ਤਾਂਈਂ, ਰਾਜੇ ਨੇ ਸਲਾਹ ਕੀਤੀ
ਪੁੱਤਰ ਦੀ ਸ਼ਾਦੀ ਦਾ, ਸਵਾਲ ਅੱਗੇ ਆਇਆ ਏ
ਲੱਭੋ ਕੋਈ ਵਰ ਛੇਤੀ, ਲਗਨ ਰਚਾਈਏ ਭਾਈ
ਮੰਤਰੀ ਵਜ਼ੀਰਾਂ ਤਾਂਈਂ, ਆਖਕੇ ਸੁਨਾਇਆ ਏ
ਕਹੇ 'ਗੁਰਸੇਵਕ' ਸੁਨਾਵਾਂ ਸਾਰੀ ਵਾਰਤਾ ਮੈਂ
ਹੋਣਹਾਰ ਹੋਣੀ ਨੇ ਜੋ, ਕਰਮ ਕਮਾਇਆ ਏ

ਰਾਜੇ ਨੇ ਪੂਰਨ ਦੇ ਵਿਆਹ ਬਾਰੇ ਮੰਤਰੀਆਂ ਨਾਲ ਸਲਾਹ ਕੀਤੀ ਪਰ ਹੋਣੀ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਰਾਜੇ ਸਲਵਾਹਨ ਕੋਲ ਪੂਰਨ ਬੈਠਾ ਹੋਇਆ ਹੈ। ਰਾਜੇ ਨੇ ਪੁੱਤਰ ਨੂੰ ਪਿਆਰ ਕਰਦਿਆਂ ਕਿਹਾ ਬੇਟਾ ਜਾਹ ਮਹਿਲਾ ਦੀ ਸੈਰ ਕਰ ਆ। ੧੨ ਬਰਸ ਭੋਰੇ ਵਿੱਚ ਹੀ ਰਿਹਾ ਹੈਂ। ਬਾਹਰ ਅੰਦਰ ਮਹਿਲਾਂ ਨੂੰ ਵੀ ਨਿਹਾਰ ਆ। ਆਪਣੀ ਮਾਤਾ ਲੂਣਾਂ ਕੋਲ ਵੀ ਜਾਈ ਉਸਨੂੰ ਮੱਥਾ ਟੇਕ ਕੇ ਆਸ਼ੀਰਵਾਦ ਲੈ ਕੇ ਆਈ। ਪੂਰਨ ਉੱਠਕੇ ਤੁਰਿਆ, ਮਹਿਲ ਦੇ ਰੰਗ ਵੇਖਦਾ। ਫ਼ਲਾ ਨਾਲ ਭਰੇ ਹੋਏ ਬ੍ਰਿਛ ਵੇਖਦਾ। ਬ੍ਰਿਛਾ ਉਤੇ ਬੈਠੀਆਂ ਕੋਇਲਾਂ ਨੂੰ ਨਿਹਾਰਦਾ। ਕੋਇਲਾਂ ਦੀਆਂ ਮਨ ਭਾਉਂਦੀਆਂ ਆਵਾਜ਼ਾਂ ਸੁਣਦਾ, ਮੋਰ ਪਾਇਲਾਂ ਪਾਉਂਦੇ ਵੇਖਕੇ ਖੁਸ਼ ਹੁੰਦਾ। ਟਹਿਲਦਾ (੨) ਆਪਣੀ ਮਾਤਾ ਲੂਣਾਂ ਦੇ ਮਹਿਲਾਂ ਵਿੱਚ ਪੁੱਜ ਗਿਆ। ਮਾਤਾ ਦੇ ਚਰਨਾਂ ਤੇ ਮੱਥਾ ਟੇਕਿਆ ਪਰ ਲੂਣਾਂ ਨੇ ਕੋਈ ਮਾਂ ਵਰਗੀ ਆਸੀਸ ਨਾ ਦਿੱਤੀ। ਲੂਣਾਂ ਬਿੱਟ-ਬਿੱਟ ਪੂਰਨ ਵੱਲ



Sri Satguru Jagjit Singh Ji eLibrary NamdhariElibrary@gmail.com

ਤੱਕੀ ਜਾ ਰਹੀ ਸੀ ਲੂਣਾਂ ਦੀਆਂ ਅੱਖਾਂ ਵਿੱਚ ਮਮਤਾ ਦਾ ਅੰਮ੍ਰਿਤ ਨਹੀਂ ਸਗੋਂ ਹਵਸ਼ ਦਾ ਜ਼ਹਿਰ ਝਲਕਿਆ । ਲੂਣਾਂ ਨੇ ਪੂਰਨ ਦੀ ਸੁੰਦਰਤਾਈ ਵੇਖ ਕੇ ਉਸਨੂੰ ਆਪਣਾ ਪੁੱਤਰ ਨਹੀਂ ਪ੍ਰੀਤਮ ਬਣਾਉਣ ਦੀ ਗੱਲ ਕੀਤੀ । ਕਵੀ ਲਿਖਦਾ ਹੈ ।

ਕਬਿੱਤ :- ਪੂਰਨ ਦੇ ਤਾਂਈ, ਲੂਣਾਂ ਆਖਕੇ ਸੁਣਾਂਵਦੀ ਹੈ
ਰੂਪ ਹੈ ਅਨੂਪ ਤੇਰਾ, ਜੱਗ ਤੇ ਮਹਾਨ ਵੇ
ਦਿਲ ਮੇਰਾ ਵੇਖ ਤੈਨੂੰ, ਹੋ ਗਿਆ ਚਲਾਇਮਾਨ
ਰਾਜੇ ਮਹਾਰਾਜਿਆ ਤੋਂ, ਉੱਚੀ ਤੇਰੀ ਸ਼ਾਨ ਵੇ
ਆਖੇ ਲੱਗ ਮੇਰੇ, ਮੇਰਾ ਬਣਜਾ ਸਹਾਰਾ ਚੰਨਾ
ਮਨ ਮੇਰਾ ਹੋਇਆ, ਤੇਰੇ ਉਤੇ ਬੇਈਮਾਨ ਵੇ
ਯੂਸਫ਼ ਤੋਂ ਸੋਹਣਾ, ਮਨਮੋਹਣਾ ਤੇਰਾ ਮੁੱਖ ਵੇਖ
ਤੇਰੇ ਉਤੋਂ ਪਰੀਆਂ ਵੀ, ਫੁੱਲ ਬਰਸਾਣ ਵੇ
ਇੰਦਰਪੁਰੀ ਦੇ ਵਿੱਚ, ਐਸਾ ਕੋਈ ਹੋਵਣਾ ਨਾ
ਤੈਨੂੰ ਤੱਕ ਤੱਕ, ਚੰਦ ਤਾਰੇ ਸਰਮਾਣ ਵੇ
ਕਹੇ ਗੁਰਸੇਵਕ, ਮੈਂ ਵਾਰੇ ਬਲਿਹਾਰੇ ਤੇਰੇ
ਸੌ ਸੌ ਵਾਰ ਜਾਵਾਂ, ਤੇਰੇ ਉਤੋਂ ਕੁਰਬਾਨ ਵੇ

ਪੂਰਨ ਨੇ ਅੱਗੋ ਲੂਣਾਂ ਨੂੰ ਜਵਾਬ ਦਿੱਤਾ । ਹੇ ਮਾਤਾ ਤੂੰ ਮੇਰੀ ਧਰਮ ਦੀ ਮਾਤਾ ਹੈ । ਮੈਂ ਵੇਦਾਂ ਸ਼ਾਸਤਰਾਂ ਵਿੱਚੋਂ ਇਲਮ ਹਾਸਲ ਕੀਤਾ ਹੈ ਕਿ ਮਾਂ ਨਾਲੋਂ ਜੱਗ ਵਿੱਚ ਕੋਈ ਵੀ ਹੋਰ ਉੱਚਾ ਰਿਸ਼ਤਾ ਨਹੀਂ । ਮਾਂ ਤਾਂ ਰੱਬ ਦਾ ਰੂਪ ਹੁੰਦੀ ਹੈ । ਕਵੀ ਲਿਖਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਕਬਿੱਤ :- *ਲੂਣਾਂ ਤਾਈ ਪੂਰਨ, ਪਿਆਰ ਨਾਲ ਆਖਦਾ ਏ
ਅੰਮੀਏ ਮੈਂ ਤੈਨੂੰ ਗੱਲ, ਦੱਸਦਾ ਗਿਆਨ ਦੀ
ਮਾਤਾ ਅਤੇ ਪੁੱਤਰ ਦਾ, ਰਿਸ਼ਤਾ ਉਚੇਰਾ ਹੁੰਦਾ
ਇਹ ਗੱਲ ਜਾਣਦੀ ਹੈ, ਅੱਖ ਕਦਰਵਾਨ ਦੀ
ਮਾਂ ਦੀ ਜਿਹੜਾ ਪੂਜਾ ਕਰੇ, ਸੀਸ ਚਰਨਾਂ ਚੁ ਧਰੇ
ਜੱਗ ਵਿੱਚ ਸੋਭਾ ਹੁੰਦੀ, ਓਸ ਇਨਸਾਨ ਦੀ
ਕਹੇ, ਗੁਰਸੇਵਕ, ਨਾ ਮਾਤਾ ਦੇ ਸਮਾਨ ਕੋਈ
ਮਾਂ ਦੀ ਮੂਰਤੀ ਚੋਂ, ਦਿਸੇ ਮੂਰਤ ਭਗਵਾਨ ਦੀ

ਨੋਟ : * ਕਿਹਾ ਜਾਂਦਾ ਹੈ ਕਿ ਚੰਬੇ ਨਗਰ ਦਾ ਇੱਕ ਰਾਜਾ ਚੰਪ ਸੀ। ਲੂਣਾਂ ਨੇ ਉਹਦੇ ਘਰ ਜਨਮ ਲਿਆ॥ ਜੋਤਸ਼ੀਆਂ ਨੇ ਭਵਿੱਖ ਬਾਣੀ ਕਰਕੇ ਰਾਜੇ ਨੂੰ ਦੱਸਿਆ।

ਕਬਿੱਤ :- ਚੰਬੇ ਨਗਰ ਦਾ ਰਾਜਾ ਚੰਪ ਬਲਵੰਤ ਹੈ ਸੀ
ਲੂਣਾਂ ਇਹਦੇ ਘਰ ਸੀ ਜਨਮ ਆਣ ਧਾਰਿਆ
ਪੰਡਤਾਂ ਨੇ ਵੇਖਿਆ ਸੀ, ਪੱਤਰੀ ਫਰੋਲਕੇ ਤੇ
ਆਉਣ ਵਾਲੇ ਸਮੇਂ ਦਾ ਸੀ ਨਕਸ਼ਾ ਉਤਾਰਿਆ
ਤੇਰੀ ਕੁਲ ਵਿੱਚ ਇਹਨੇ ਸੁੱਖ ਵਰਤਾਵਣਾ ਨਾ
ਰਾਜਾ ਤੇਰੀ ਲੜਕੀ ਏ ਨੈਸ਼ ਦੁਰਕਾਰ ਆ
ਰਾਜਾ ਇਸ ਬਿਪਤਾ ਦਾ ਇੱਕੋ ਹੈ ਇਲਾਜ ਭਾਰਾ
ਸੰਦੂਕ ਵਿੱਚ ਪਾਕੇ ਰੋੜ ਨਦੀ ਵਿਚਕਾਰ ਆ
ਕਹੇ ਗੁਰਸੇਵਕ ਤੂੰ ਕਰ ਲੈ ਵਿਚਾਰ ਰਾਜਾ
ਬਣੀਂ ਰਹੂ ਸਦਾ ਤੇਰੇ ਮਹਿਲਾਂ ਚੁ ਬਹਾਰ ਆ

ਰਾਜੇ ਨੂੰ ਜੋਤਸ਼ੀਆਂ ਨੇ ਆਖਿਆ ਰਾਜਾ ਤੇਰੇ ਘਰ ਜਿਹੜੀ ਲੜਕੀ ਪੈਦਾ ਹੋਈ ਹੈ। ਇਹ ਤੇਰੇ ਮਹਿਲਾਂ ਵਿੱਚ ਕਾਲ ਦਾ ਰੂਪ ਬਣ ਕੇ ਆਈ ਹੈ। ਰਾਜੇ ਨੇ ਜੋਤਸ਼ੀਆਂ ਦੀ ਗੱਲ ਸੁਣਕੇ ਲੂਣਾਂ ਨੂੰ ਨਦੀ ਵਿੱਚ ਰੋੜ ਦਿੱਤਾ ਇਹ ਰੁੜਦੀ ਰੁੜਦੀ ਪਿੰਡ ਚਮਿਆਰੀ ਦੇ ਚਮਿਆਰ ਪੀਪੇ ਨੇ ਨਦੀ ਵਿੱਚੋਂ ਕੱਢ ਲਈ। ਤੇ ਇਸ ਨੂੰ ਆਪਣੀ ਪੁੱਤਰੀ ਬਣਾ ਕੇ ਪਾਲਿਆ। ਜਦੋ ਜਵਾਨ ਹੋਈ ਤਾਂ ਰਾਜਾ ਸਲਵਾਨ ਏਧਰ ਸ਼ਿਕਾਰ ਖੇਡਣ ਵਾਸਤੇ ਆਇਆ। ਲੂਣਾਂ ਇੱਕ ਖੂਹ ਤੇ ਪਾਣੀ ਭਰਦੀ ਸੀ ਰਾਜੇ ਨੂੰ ਪਿਆਸ



Sri Satguru Jagjit Singh Ji eLibrary NamdhariElibrary@gmail.com

ਲੂਣਾਂ ਨੇ ਪੂਰਨ ਨੂੰ ਇੱਕ ਵਾਰੀ ਫੇਰ ਆਖਿਆ ਤੂੰ ਮੇਰੀ ਕੁੱਖ ਚੋਂ ਜਨਮ ਨਹੀਂ ਲਿਆ । ਨਾ ਹੀ ਮੇਰਾ ਦੁੱਧ ਚੁੰਘਿਆ ਹੈ । ਮੈਂ ਤੇਰੀ ਮਾਂ ਨਹੀ । ਆਪਣੀ ਜਾਨ ਬਚਾਉਣੀ ਚਾਹੁੰਦਾ ਹੈ ਤਾ ਮੇਰੇ ਪਿਆਰ ਨੂੰ ਸਵੀਕਾਰ ਕਰ ਲੈ । ਪਰ ਪੂਰਨ ਆਪਣੇ ਧਰਮ ਤੇ ਅਟੱਲ ਰਿਹਾ । ਲੂਣਾਂ ਤੇ ਪੂਰਨ ਦੇ ਸਵਾਲ ਜਵਾਬ ਇੰਝ ਹੋ ਰਹੇ ਹਨ ।

## ਲਹਿਰੀਆ ਛੰਦ 6

1. ਲੂਣਾਂ ਆਖਦੀ ਮੈਂ ਤੈਨੂੰ ਮਰਵਾ ਦਿਆਂ
ਤੈਨੂੰ ਕੁੱਤਿਆ ਦੇ ਕੋਲੋ ਤੁੜਵਾ ਦਿਆਂ
ਕਲਾ ਪੁੱਠੀਆਂ ਮੈਂ ਪੂਰਨਾ ਭਵਾ ਦਿਆਂ
ਸੁਣ ਗੱਲ ਮੇਰੀ ਖੋਹਲਕੇ ਤੂੰ ਕੰਨ ਪੂਰਨਾਂ
ਮੇਰੇ ਆਖੇ ਲੱਗ ਗੱਲ ਮੇਰੀ ਮੰਨ ਪੂਰਨਾਂ

1. ਮਾਤਾ ਮੇਰੀਏ ਪੁੱਤਰ ਤੇਰਾ ਆਖਦਾ
ਤੇਰਾ ਨੇਕ ਇਰਾਦਾ ਨਹੀਓ ਜਾਪਦਾ
ਸਮਾਂ ਆ ਗਿਆ ਏ ਤੇਰੇ ਨੀ ਵਿਨਾਸ਼ ਦਾ
ਤੇਰੀ ਮੱਤ ਹੁਣ ਹੋ ਗਈ ਏ ਸੈਤਾਨ ਅੰਮੀਏ
ਮੇਰਾ ਕਾਇਮ ਰਹੂ ਧਰਮ ਈਮਾਨ ਅੰਮੀਏ

2. ਤੈਨੂੰ ਮੂਰਖਾ ਮੈਂ ਮਹਿਲਾਂ ਚੋਂ ਕਢਾ ਦਿਆਂ
ਲੱਤਾਂ ਉਤੇ ਸਿਰ ਥੱਲੇ ਲਮਕਾ ਦਿਆਂ
ਤੈਨੂੰ ਪਿੰਜਰੇ ਦੇ ਵਿੱਚ ਮੈਂ ਪੁਆ ਦਿਆਂ
ਆਖ ਰਾਜੇ ਨੂੰ ਲਵਾ ਦਿਆਂ ਮੈਂ ਡੰਨ ਪੂਰਨਾਂ
ਮੇਰੇ ਆਖੇ ਲੱਗ ਗੱਲ ਮੇਰੀ ਮੰਨ ਪੂਰਨਾਂ

2. ਪੂਰੇ ਕਰੀਏ ਜੋ ਬਚਨ ਉਚਾਰੀਏ
ਚੰਗਾ ਮੰਦਾ ਸਮਾਂ ਸਦਾ ਹੀ ਵਿਚਾਰੀਏ
ਪਰ ਧਰਮ ਤੋਂ ਕਦੇ ਵੀ ਨਾ ਹਾਰੀਏ
ਭਾਵੇ ਕੱਢ ਦੇਵੇ ਮੇਰੇ ਕੋਈ ਪ੍ਰਾਣ ਅੰਮੀਏ
ਮੇਰਾ ਕਾਇਮ ਰਹੂ ਧਰਮ ਈਮਾਨ ਅੰਮੀਏ

---

ਲੱਗੀ ਤਾਂ ਰਾਜੇ ਨੇ ਲੂਣਾਂ ਕੋਲੋ ਪਾਣੀ ਮੰਗਿਆ ਇਸ ਨੇ ਰਾਜੇ ਨੂੰ ਪਾਣੀ ਪਿਲਾਇਆ ਰਾਜੇ ਦਾ ਮਨ ਲੂਣਾਂ ਨੂੰ ਵੇਖ ਕੇ ਮੋਹਿਤ ਹੋ ਗਿਆ । ਰਾਜੇ ਨੇ ਲੂਣਾਂ ਦੇ ਪਿਤਾ ਕੋਲੋ ਇਸ ਨੂੰ ਵਰ ਦੇ ਰੂਪ ਵਿੱਚ ਮੰਗ ਲਿਆ । ਜੋਤਸ਼ੀਆਂ ਦੀ ਭਵਿੱਖ ਬਾਣੀ ਅਨੁਸਾਰ ਰਾਜੇ ਸਲਵਾਨ ਦੇ ਮਹਿਲਾਂ ਵਿੱਚ ਜਾ ਕੇ ਇਸਨੇ ਕਾਲ ਦਾ ਰੂਪ ਹੋ ਕੇ ਮਹਿਲਾਂ ਵਿੱਚ ਕਲੇਸ਼ ਪਾ ਦਿੱਤਾ ।

ਅੰਮ੍ਰਿਤਸਰ ਜਿਲੇ ਵਿਚ ਭੂਰੇ ਗਿੱਲ ਪਿੰਡ ਪਾਸ ਚਮਿਆਰੀ ਪਿੰਡ ਪੈਂਦਾ ਹੈ । ਇਹ ਕਸਬਾ ਫ਼ਹਿਤਗੜ ਚੂੜੀਆਂ ਤੋਂ ਅਜਨਾਲਾ ਰੋਡ ਤੇ ਸਥਿਤ ਹੈ । ਓਥੇ ਰਾਜੇ ਸਲਵਾਹਨ ਦਾ ਖੂਹ ਵੀ ਮੌਜੂਦ ਹੈ ਜਿਥੋਂ ਰਾਜੇ ਨੇ ਰਾਣੀ ਲੂਣਾਂ ਪਾਸੋਂ ਪਾਣੀ ਪੀਤਾ ਸੀ ।

---



Sri Satguru Jagjit Singh Ji eLibrary NamdhariElibrary@gmail.com

3. ਤੇਰਾ ਲਾਹ ਦਿਆਂ ਮੈਂ ਸਿਰ ਤੋਂ ਗਰੂਰ ਵੇ
ਨਾਰੀ ਹੱਠ ਜੱਗ ਵਿੱਚ ਮਸ਼ਹੂਰ ਵੇ
ਤੇਰਾ ਸਿੱਧ ਕਰਾਂ ਸਭਾ ਚੁ ਕਸੂਰ ਵੇ
ਨਹੀਂ ਤੇ ਨਵਾਂ ਕੋਈ ਚੜਾ ਦਿਆਂ ਮੈਂ ਚੰਨ ਪੂਰਨਾਂ
ਮੇਰੇ ਆਖੇ.........................?

3. ਬੋਲ ਮੰਦੜੇ ਜੁਬਾਨੋਂ ਐਵੇਂ ਬੋਲ ਨਾ
ਮੈਨੂੰ ਸਮਝੀ ਤੂੰ ਐਵੇਂ ਅਨਭੋਲ ਨਾ
ਮੇਰਾ ਜਤ ਸਤ ਮਿੱਟੀ ਵਿੱਚ ਰੋਲ ਨਾ
ਮੇਰਾ ਰੱਬ ਵੱਲ ਲੱਗਿਆ ਧਿਆਨ ਅੰਮੀਏ
ਮੇਰਾ ਕਾਇਮ ਰਹੂ....................?

4. ਗੱਲਾਂ ਸਿੱਧੀਆਂ ਨੂੰ ਪੁੱਠੀਆਂ ਬਣਾਂ ਦਿਆਂ
ਅਤੇ ਪੁੱਠੀਆਂ ਨੂੰ ਸਿੱਧੀਆਂ ਕਰਾ ਦਿਆਂ
ਤੈਨੂੰ ਤ੍ਰਿਆ ਚਿਰਿੱਤਰ ਦਿਖਾ ਦਿਆਂ
ਤੇਰੇ ਹੱਥਾਂ ਨਾ ਫੜਾ ਦਿਆਂ ਮੈਂ ਕੰਨ ਪੂਰਨਾਂ
ਮੇਰੇ ਆਖੇ..........................?

4. 'ਗੁਰਸੇਵਕ' ਦੀ ਕਲਮ ਹੈ ਦੱਸਦੀ
ਏਥੇ ਕੋਈ ਮੁਨਿਆਦ ਨਹੀਓ ਗੱਪ ਦੀ
ਸਦਾ ਜਿੱਤ ਹੋਵੇ ਜੱਗ ਉਤੇ ਸੱਚ ਦੀ
ਸੱਚ ਬੋਲਦੀ ਏ ਮੇਰੀ ਇਹ ਜੁਬਾਨ ਅੰਮੀਂਏ
ਮੇਰਾ ਕਾਇਮ ਰਹੂ..................?



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੭

ਆਪਣੇ ਮਨਸੂਬੇ ਵਿੱਚ ਹਾਰ ਮਿਲੀ ਵੇਖਕੇ ਲੂਣਾਂ ਨੇ ਇਹ ਚਰਿੱਤਰ ਕੀਤਾ। ਜਦੋਂ ਸ਼ਾਮ ਹੋ ਗਈ, ਰਾਜੇ ਦੇ ਮਹਿਲਾਂ ਵਿੱਚ ਆਉਣ ਦਾ ਸਮਾਂ ਹੋ ਗਿਆ, ਸਭ ਦੀਵੇ ਮਸ਼ਾਲਾਂ ਬੁਝਾ ਦਿੱਤੀਆ ਗਈਆਂ। ਰਾਣੀ ਲੂਣਾਂ ਨੇ ਆਪਣੇ ਤਨ ਦੇ ਕੱਪੜੇ ਪਾੜ ਲਏ ਵਾਲ ਖਿਲਾਰ ਲਏ। ਆਪਣੇ ਨਹੁੰਆਂ ਨਾਲ ਆਪਣੇ ਜਿਸਮ ਤੇ ਜਖ਼ਮ ਕਰ ਲਏ ? ਜਦੋਂ ਰਾਜੇ ਨੇ ਆਣਕੇ ਹੈਰਾਨੀ ਨਾਲ ਇਸ ਸੋਗ ਦਾ ਕਾਰਨ ਪੁੱਛਿਆ ਤਾਂ ਲੂਣਾਂ ਨੇ ਇਸ ਤਰਾਂ ਕੁਫ਼ਰ ਤੋਲਿਆ।

ਕਬਿੱਤ : ਰਾਣੀ ਲੂਣਾਂ ਆਖਦੀ ਹੈ, ਰਾਜੇ ਸਲਵਾਨ ਤਾਂਈ
ਰਾਜਾ ਤੇਰੇ ਪੁੱਤਰ ਨੇ, ਕਹਿਰ ਕਮਾਇਆ ਈ
ਕਹਿਰ ਕਮਾਇਆ, ਉਹਨੂੰ ਤਰਸ ਨਾ ਆਇਆ ਰਾਜਾ
ਮੇਰੇ ਉਤੇ ਚਿੱਤ ਉਸ, ਆਪਣਾ ਲੁਭਾਇਆ ਈ
ਧਰਮ ਤੇ, ਕਰਮ ਤੇ, ਸ਼ਰਮ ਵਿਸਾਰ ਬੈਠਾ
ਰਾਜਾ ਤੇਰਾ ਨਾਮ ਉਸ, ਮਿੱਟੀ ਚੁ ਮਿਲਾਇਆ ਈ
ਸੱਦ ਦਰਬਾਰ ਵਿੱਚ, ਸਜਾ ਤੂੰ ਸੁਣਾਈਂ ਰਾਜਾ
ਕਵੀ 'ਗੁਰਸੇਵਕ' ਨੇ ਸੱਚ ਇਹ ਸੁਨਾਇਆ ਈ

ਲੂਣਾਂ ਨੇ ਕਿਹਾ ਰਾਜਾ ਮੈਂ ਤੈਨੂੰ ਕੀ ਦੱਸਾਂ ਮੈਂ ਪੂਰਨ ਨੂੰ ਪੁੱਤਰ (੨) ਆਖਦੀ ਰਹੀ ਪਰ ਉਸ ਨੇ ਪੁੱਤਰਾਂ ਵਾਲੀ ਇੱਕ ਨਾ ਕੀਤੀ। ਮੇਰੀ ਇੱਜ਼ਤ ਆਬਰੂ ਮਿੱਟੀ ਵਿੱਚ ਰੋਲ ਕੇ ਚਲਾ ਗਿਆ। ਮਾਂ ਵਰਗੇ ਪਵਿੱਤਰ ਰਿਸ਼ਤੇ ਨੂੰ ਦਾਗਦਾਰ ਕਰਕੇ ਸੁੱਟ ਗਿਆ। ਰੋਂਦੀ-ਰੋਂਦੀ ਹਾਉਕੇ ਭਰਦੀ ਰਾਜੇ ਦੇ ਪੈਰਾਂ ਨੂੰ ਲਿਪਟਦੀ ਰਾਣੀ ਲੂਣਾਂ ਰਾਜੇ ਕੋਲ ਪੂਰਨ ਦੀ ਸ਼ਿਕਾਇਤ ਇਸ ਤਰਾਂ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਕੋਰੜਾ ਛੰਦ ੭

੧. ਭੁੱਬਾਂ ਮਾਰ ਮਾਰ ਗੁੱਸੇ ਨਾਲ ਦੱਸਿਆ
ਰਾਣੀ ਲੂਣਾਂ ਰਾਜੇ ਨੂੰ ਸੀ ਹਾਲ ਦੱਸਿਆ
ਪਤਾ ਨਹੀਂ ਕੀ ਉਹਦਾ ਮੇਰੇ ਨਾਲ ਵੈਰ ਆ
ਰਾਜਾ ਤੇਰੇ ਪੁੱਤ ਨੇ ਕਮਾਇਆ ਕਹਿਰ ਆ

੨. ਕਰਨਾ ਹੈ ਕਿਵੇਂ ਸਤਿਕਾਰ ਭੁੱਲਿਆ
ਪੁੱਤ ਹੋ ਕੇ ਮਾਂ ਦਾ ਪਿਆਰ ਭੁੱਲਿਆ
ਮੈਨੂੰ ਓਸ ਨੇ ਤਾਂ ਸਮਝਿਆ ਗੈਰ ਆ
ਰਾਜਾ ਤੇਰੇ ਪੁੱਤ ਨੇ.................?

੩. ਮੇਰੇ ਨਾਲ ਉਹਨੇ ਜੁਲਮ ਕਮਾਇਆ ਏ
ਇੱਜ਼ਤ ਮੇਰੀ ਨੂੰ ਉਹਨੇ ਹੱਥ ਪਾਇਆ ਏ
ਸੱਪ ਵਾਂਗੂ ਉਹ ਉਗਲੱਛੇ ਜ਼ਹਿਰ ਆ
ਰਾਜਾ ਤੇਰੇ ਪੁੱਤ ਨੇ.................?

੪. ਮਹਿਲਾਂ ਵਿੱਚ ਉਹਨੇ ਪਾ ਤਾਂ ਕਲੇਸ਼ ਆ
ਮੇਰੇ ਦਿਲ ਉਤੇ ਵੱਜੀ ਭਾਰੀ ਠੇਸ ਆ
ਜਾਪੇ ਹੁਣ ਉਹਦੀ ਹੋਵਣੀ ਨਾ ਖੈਰ ਆ
ਰਾਜਾ ਤੇਰੇ ਪੁੱਤ ਨੇ.................?



Sri Satguru Jagjit Singh Ji eLibrary NamdhariElibrary@gmail.com

੫. ਦੁੱਖਾਂ ਦਿਆਂ ਫੰਧਿਆਂ ਦੇ ਵਿੱਚ ਫੰਧੀ ਆਂ
ਇਹੋ ਜਹੇ ਪੁੱਤਰ ਬਗੈਰ ਚੰਗੀ ਆਂ
ਗੁੱਸੇ ਵਾਲੀ ਉੱਠੀ ਮਨ ਵਿਚ ਲਹਿਰ ਆ
ਰਾਜਾ ਤੇਰੇ ਪੁੱਤ ਨੇ................?

੬. ਗੱਲ ਮੇਰੀ ਮੰਨੋ ਸੂਲੀ ਤੇ ਚੜਾ ਦਿਓ
ਏਸਨੂੰ ਜਲਾਦਾ ਕੋਲੋਂ ਮਰਵਾ ਦਿਓ
ਵੱਡ ਦੇਵੋ ਇਹਦੇ ਦੋਵੇਂ ਹੱਥ ਪੈਰ ਆ
ਰਾਜਾ ਤੇਰੇ ਪੁੱਤ ਨੇ................?

੭. ਮੇਰਾ ਪੂਰਾ ਪੂਰਾ ਇਨਸਾਫ਼ ਕਰਿਓ
ਪੂਰਨ ਨੂੰ ਕਦੇ ਵੀ ਨਾ ਮਾਫ਼ ਕਰਿਓ
ਸੱਚੀ ਗੱਲ ਕਹੇ "ਢਿਲੋਂ ਜੱਟ" ਸ਼ਾਇਰ ਆ
ਰਾਜਾ ਤੇਰੇ ਪੁੱਤ ਨੇ................?



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੯

ਜਦੋਂ ਰਾਜੇ ਸਲਵਾਹਨ ਨੂੰ ਲੂਣਾਂ ਨੇ ਕਪਟ ਭਰੀ ਕਹਾਣੀ ਸੁਣਾਈ ਤਾਂ ਰਾਜੇ ਦੀਆਂ ਅੱਖਾਂ ਵਿੱਚ ਖੂੰਨ ਉੱਤਰ ਆਇਆ । ਰਾਜੇ ਆਖਿਆ ਏਨਾ ਵੱਡਾ ਜੁਲਮ ਘੋਰ ਪਾਪ, ਦਿਨੇ ਹਨੇਰ ਪੈ ਗਿਆ ਰਾਜੇ ਨੇ ਸਾਰੀ ਰਾਤ ਪਾਸੇ ਮਾਰ ਦਿਆਂ ਜਾਗ ਕੇ ਬਤੀਤ ਕੀਤੀ । ਨੀਂਦ ਨੇ ਤਾਂ ਕੀ ਆਉਣਾ ਸੀ ਕੋਈ ਸੁੱਖ ਦਾ ਸਾਹ ਵੀ ਨਾ ਆਇਆ । ਦਿਨ ਚੜਦਿਆਂ ਸਾਰ ਕਚਹਿਰੀ ਵਿੱਚ ਰਾਜੇ ਨੇ ਹੁਕਮ ਸੁਣਾਇਆ ਪੂਰਨ ਨੂੰ ਪਕੜ ਕੇ ਕਚਹਿਰੀ ਵਿੱਚ ਲਿਆਂਦਾ ਜਾਵੇ । ਕਵੀ ਲਿਖਦਾ ਹੈ ।

ਕਬਿੱਤ : ਪੂਰਨ ਪਕੜ ਉਦੋਂ, ਲਿਆਂਦਾ ਸੀ ਕਚਹਿਰੀ ਵਿੱਚ
ਰਾਜੇ ਦਾ ਜੱਲਾਦਾਂ, ਜਦੋਂ ਹੁਕਮ ਸੀ ਪਾ ਲਿਆ
ਹੱਥਾਂ ਵਿੱਚ ਹੱਥ ਕੜੀ, ਪੈਰਾਂ ਵਿੱਚ ਬੇੜੀਆਂ ਸੀ
ਫੜਕੇ ਸਿਪਾਹੀਆਂ ਉਹਨੂੰ ਬੰਦੀ ਸੀ ਬਣਾ ਲਿਆ
ਧਰਮ ਦੇ ਉਤੋਂ ਜ਼ਰਾ, ਡੋਲਿਆ ਭਗਤ ਨਾਂਹੀ
ਦੀਨ ਈਨ ਆਪਣਾ ਸੀ, ਸਿਦਕ ਨਿਭਾ ਲਿਆ
ਪੂਰਨ ਪਵਿੱਤ, ਉਹਦੀ ਕਰਨੀ ਨੂੰ ਵੇਖ ਕੇ ਤੇ
ਕਵੀ, ਗੁਰਸੇਵਕ, ਨੇ ਛੰਦ ਸੀ ਬਣਾ ਲਿਆ

ਰਾਜੇ ਸਲਵਾਹਨ ਨੇ ਰਾਣੀ ਲੂਣਾਂ ਦੀ ਸ਼ਿਕਾਇਤ ਤੇ ਅਸਰ ਕਰਕੇ ਹੁਕਮ ਦਿੱਤਾ ਕਿ ਐ ਜੱਲਾਦੋ ਪੂਰਨ ਦੇ ਦੋਵੇਂ ਹੱਥ ਪੈਰ ਵੱਡਕੇ ਇਸਨੂੰ ਖੂਹ ਵਿੱਚ ਸੁੱਟ ਦਿਓ । ਏਥੇ ਰਾਜੇ ਨੇ ਇਹ ਸਿੱਧ ਕੀਤਾ ਕਿ ਉਹ ਨਿਆਂਕਾਰੀ ਰਾਜਾ ਹੈ । ਏਸੇ ਲਈ ਉਸਨੇ ਆਪਣੇ ਪੁੱਤਰ ਦੇ ਮਾਮਲੇ ਵਿੱਚ ਵੀ ਰਤਾ ਢਿੱਲ ਨਾ ਕੀਤੀ ਆਪਣੇ ਪੁੱਤਰ ਨੂੰ ਗੁਨਾਹਗਾਰ ਸਮਝਕੇ ਸਜਾ ਦਿੱਤੀ । ਪੂਰਨ ਉਪਰ ਜੱਲਾਦ ਕਿਵੇ ਅੱਤਿਆਚਾਰ ਕਰਦੇ ਹਨ । ਕਵੀ ਦੀ ਕਲਮ ਇਸ ਤਰਾਂ ਲਿਖਦੀ ਹੈ ।



Sri Satguru Jagjit Singh Ji eLibrary NamdhariElibrary@gmail.com

## ਛੰਦ ਮਿਰਜਾ ਵਾਰ ੮

ਪੈਰੀਂ ਬੇੜੀਆਂ ਹੱਥਾਂ ਚੁ ਹੱਥ ਕੜੀਆਂ
ਪੂਰਨ ਉਤੇ ਕਮਾਇਆ ਕਹਿਰ
ਮਾਰੀ ਖਿੱਚ ਤਲਵਾਰ ਜੱਲਾਦ ਨੇ
ਦਿੱਤੇ ਵੱਡ ਹੱਥ ਤੇ ਪੈਰ
ਹੋਈ ਧਰਤੀ ਲਾਲੋ ਲਾਲ ਸੀ
ਓਥੇ ਵਗੀ ਖ਼ੂੰਨ ਦੀ ਨਹਿਰ
ਓਥੇ ਪੰਛੀ ਫਿਰਨ ਪਿਆਸੜੇ
ਤੇ ਕੜਕੇ ਸਿਖਰ ਦੁਪਹਿਰ
ਧੱਕਾ ਦੇ ਕੇ ਖੂਹੇ ਦੇ ਵਿੱਚ ਸੁੱਟਿਆ
ਰਾਣੀ ਲੂਣਾਂ ਕੱਢਿਆ ਵੈਰ
ਓਥੇ ਧਰਤੀ ਥਰ ਥਰ ਕੰਬਦੀ
ਤੇ ਅੰਬਰੀਂ ਛਾਈ ਗਹਿਰ
ਜਿਹੜੇ ਸਾਗਰ ਠਾਠਾਂ ਮਾਰਦੇ
ਗਏ ਵਿੱਚ ਪਲਾਂ ਦੇ ਠਹਿਰ
ਹੋਈ ਜੈ ਜੈਕਾਰ ਸੀ ਧਰਮ ਦੀ
ਤੀਨ ਲੋਕ ਦੇ ਵਿੱਚ ਸਵਾ ਪਹਿਰ
ਲਗੇ ਦੇਵਤੇ ਫੁੱਲ ਬਰਸਾਣ ਸੀ



Sri Satguru Jagjit Singh Ji eLibrary NamdhariElibrary@gmail.com

ਆਏ ਅਕਾਸ਼ ਦੀ ਕਰਨੇ ਸੈਰ
ਧੰਨ ਧੰਨ ਸੀ ਮੁੱਖੋਂ ਉਚਾਰਦੇ
ਮੁੱਖੋਂ ਗਾਵਣ ਉਸਤਤ ਬਹਿਰ
ਓਧਰ ਕੰਮ ਜਲਾਦ ਮੁਕਾਂਵਦੇ
ਮਾਰੇ ਲੋਹੜਾ ਤੇ ਕੀਤਾ ਕਹਿਰ
ਇੱਕ ਭਰ ਕਟੋਰਾ ਲਹੂ ਦਾ
ਆਏ ਜੱਲਾਦ ਸਿਆਲਕੋਟ ਸ਼ਹਿਰ
ਜੀਹਨੂੰ ਰੱਖਣ ਵਾਲਾ ਰੱਖਦਾ
ਉਹ ਮਰੇ ਨਾ ਦਿੱਤਿਆਂ ਜ਼ਹਿਰ
ਹੁਣ, ਸੇਵਕ ਸਿੰਘਾ, ਭਗਤ ਦੀ
ਵੇਖੀ ਰੱਬ ਕਰੂਗਾ ਖੈਰ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੯

ਪੂਰਨ ਦੇ ਹੱਥ ਪੈਰ ਵੱਡਕੇ ਖੂਹ ਵਿੱਚ ਸੁੱਟਕੇ ਜੱਲਾਦ ਜਦੋਂ ਮਹਿਲਾਂ ਵਿੱਚ ਵਾਪਸ ਆਏ ਤਾਂ ਉਹਨਾਂ ਨੇ ਪੂਰਨ ਦੇ ਵੱਡੇ ਹੋਏ ਹੱਥ ਪੈਰ ਤੇ ਲਹੂ ਦਾ ਕਟੋਰਾ ਰਾਜੇ ਨੂੰ ਵਿਖਾਇਆ। ਤੇ ਰਾਣੀ ਇੱਛਰਾਂ ਵੇਖ ਦਿਆਂ ਸਾਰ ਹੀ ਧਰਤੀ ਉਤੇ ਡਿੱਗ ਪਈ। ਰੋ ਰੋ ਕੇ ਵਿਰਲਾਪ ਕਰਦੀ ਹੈ। ਪੂਰਨ ਦਾ ਨਾਂ ਲੈ ਕੇ ਕੀਰਨੇਂ ਪਾਉਂਦੀ ਹੈ। ਵੇ ਬੱਚਿਆ ਦੁਨੀਆਂ ਤੇ ਤੂੰ ਅਜੇ ਕੁਝ ਵੇਖਿਆ ਨਹੀਂ ਸੀ। ਵੇ ਮੇਰੇ ਅੱਖਾਂ ਦੇ ਚਾਨਣਾ ਵੇ ਮੇਰੇ ਜਿਗਰ ਦੇ ਟੁਕੜਿਆ ਮੈਨੂੰ ਵੀ ਆਪਣੇ ਨਾਲ ਲੈ ਜਾਂਦਾ। ਮੈਂ ਤੇਰੇ ਬਿਨਾਂ ਬੇ ਰੌਣਕੀ ਜਿੰਦਗੀ ਨੂੰ ਕੀ ਕਰਾਂ। ਕੰਧਾਂ ਨਾਲ ਸਿਰ ਪਟਕ-ਪਟਕਕੇ ਜਦੋਂ ਰਾਣੀ ਇੱਛਰਾਂ ਰੋਈ, ਵੇਖਣ ਵਾਲੇ ਪੱਥਰ ਦਿਲ ਵੀ ਪਿਘਲ ਗਏ। ਕਵੀ ਵੀ ਮਾਂ ਇੱਛਰਾਂ ਦੇ ਦੁੱਖ ਨੂੰ ਇਸ ਤਰਾਂ ਬਿਆਨ ਕਰਦਾ ਹੈ।

ਕਬਿੱਤ :- ਪੂਰਨ ਪੁੱਤਰ ਦੇ, ਵਿਛੋੜੇ ਚੁ ਬਿਹਾਲ ਹੋਈ
ਮਾਰਕੇ ਦੁਹੱਥੜਾਂ ਤੇ, ਰੋਈ ਰਾਣੀ ਇੱਛਰਾਂ
ਪੁੱਟ ਪੁੱਟ ਵਾਲ, ਉਸ ਕੀਤੇ ਬੁਰੇ ਹਾਲ ਹੈਸੀ
ਦੁੱਖਾਂ ਵਿੱਚ ਹੋਈ, ਅਧਮੋਈ ਰਾਣੀ ਇੱਛਰਾਂ
ਅੱਖਾਂ ਅੱਗੇ ਆਵੇ, ਤਸਵੀਰ ਪੁੱਤ ਪੂਰਨ ਦੀ
ਪੁੱਤਰ ਖਿਆਲਾਂ ਵਿੱਚ, ਖੋਈ ਰਾਣੀ ਇੱਛਰਾਂ
ਕਹੇ 'ਗੁਰਸੇਵਕ' ਸੀ, ਗੁਰੂ ਦਾ ਖਿਆਲ ਆਇਆ
ਪ੍ਰਭੂ ਅੱਗੇ ਕਰੇ, ਅਰਜੋਈ ਰਾਣੀ ਇੱਛਰਾਂ



Sri Satguru Jagjit Singh Ji eLibrary NamdhariElibrary@gmail.com

ਦੁੱਖ ਤਾਂ ਦੁਨੀਆਂ ਵਿੱਚ ਹੋਰ ਵੀ ਬਹੁਤ ਹਨ ਪਰ ਪੁੱਤਰਾਂ ਦਾ ਦੁੱਖ ਸੰਸਾਰ ਵਿੱਚ ਬਹੁਤ ਵੱਡਾ ਹੈ। ਕਵੀ ਕਾਲੀਦਾਸ ਲਿਖਦਾ ਹੈ।

ਯਾਰੋ ਬੁਰੇ ਹੁੰਦੇ ਦੁੱਖ ਪੁੱਤਰਾਂ ਦੇ ਪੁੱਤਰ ਮਰੇ ਤਾਂ ਕੁੱਲ ਸੰਸਾਰ ਸੁੰਨਾ
ਖਾਣ ਵੱਡ ਹਵੇਲੀਆਂ ਮਹਿਲ ਬੈਠਕ ਅਤੇ ਕੁੱਲ ਦਿਸੇ ਘਰ ਬਾਹਰ ਸੁੰਨਾ
ਕਦੇ ਗਲੀਆਂ ਬਜ਼ਾਰ ਨਾ ਭਾਂਵਦੇ ਨੇ ਦਿਸੇ ਚਮਨ ਸਭ ਬਾਗ ਬਹਾਰ ਸੁੰਨਾ

ਪੁੱਤਰ ਦੇ ਵਿਛੋੜੇ ਵਿੱਚ ਬੇਹਾਲ ਹੋਈ ਰਾਣੀ ਇੱਛਰਾਂ ਆਪਣੀ ਸੁੱਧ ਬੁੱਧ ਭੁੱਲ ਬੈਠੀ ਸੀ। ਰਾਤ ਨੂੰ ਨੀਂਦ ਨਹੀਂ, ਦਿਨ ਨੂੰ ਚੈਣ ਨਹੀਂ। ਖਾਣਾ ਪੀਣਾ ਵਿਸਰ ਗਿਆ। ਜਦੋਂ ਦਾ ਪੂਰਨ ਦਾ ਵਿਛੋੜਾ ਪਿਆ ਦੋਹਾਂ ਨੈਣਾਂ ਵਿਚੋ ਹੰਝੂਆਂ ਦੀ ਧਾਰਾ ਨਿਰੰਤਰ ਚੱਲ ਰਹੀ ਹੈ। ਇਸ ਦੁੱਖ ਭਰੇ ਦੁਖਾਂਤ ਨੂੰ ਕਵੀ ਦੀ ਰੋਂਦੀ ਹੋਈ ਕਲਮ ਇਸ ਤਰਾਂ ਬਿਆਨ ਕਰਦੀ ਹੈ।



Sri Satguru Jagjit Singh Ji eLibrary NamdhariElibrary@gmail.com

# ਕੋਰੜਾ ਛੰਦ ੯

੧. ਦਿਲ ਤਾਂਈ ਦੁੱਖਾਂ ਵਾਲਾ ਰੋਗ ਲੱਗਿਆ
ਪੁੱਤਰ ਦਾ ਓਸ ਨੂੰ ਵਿਯੋਗ ਲੱਗਿਆ
ਗਮਾਂ ਦੇ ਤਰਾਨੇ ਨਿੱਤ ਗਾਉਂਦੀ ਇੱਛਰਾਂ
ਅੱਖਾਂ ਵਿੱਚੋਂ ਅੱਥਰੂ ਵਹਾਉਂਦੀ ਇੱਛਰਾਂ

੨. ਪੁੱਤ ਨਾਲ ਕਰਿਆ ਤੂੰ ਕਹਿਰ ਵੈਰਨੇ
ਕਿਹੜਾ ਦੱਸ ਕੱਢਿਆ ਤੂੰ ਵੈਰ ਵੈਰਨੇ
ਲੂਣਾਂ ਤਾਂਈ ਲਾਹਨਤਾਂ ਹੈ ਪਾਉਂਦੀ ਇੱਛਰਾਂ
ਅੱਖਾਂ ਵਿੱਚੋਂ......................?

੩. ਬਿਰਹਾ ਦਾ ਨਾਗ ਡੰਗ ਹੈ ਚਲਾਂਵਦਾਂ
ਪੁੱਤਰ ਵਿਛੋੜਾ ਝੱਲਿਆ ਨਾ ਜਾਂਵਦਾਂ
ਦਿਲ ਵਾਲੇ ਦੁੱਖੜੇ ਸੁਨਾਉਂਦੀ ਇੱਛਰਾਂ
ਅੱਖਾਂ ਵਿੱਚੋਂ......................?



Sri Satguru Jagjit Singh Ji eLibrary NamdhariElibrary@gmail.com

੪. ਚੰਦ ਬਿਨਾਂ ਜੀਕਣ ਚਕੋਰੀ ਮਰਦੀ
ਪਲ ਪਲ ਪੁੱਤਰ ਨੂੰ ਯਾਦ ਕਰਦੀ
ਜਿੰਦੜੀ ਹੈ ਘੋਲ ਘੁਮਾਉਂਦੀ ਇੱਛਰਾਂ
ਅੱਖਾਂ ਵਿੱਚੋਂ.......................?

੫. ਪੂਰਨ ਦਲੇਰ ਮੇਰੇ ਸ਼ੇਰ ਬੱਚਿਆ
ਮੁੱਖ ਤੇਰਾ ਵੇਖਣਾ ਨਾ ਫੇਰ ਬੱਚਿਆ
ਰੋ ਰੋ ਕੇ ਔਸੀਆਂ ਹੈ ਪਾਉਂਦੀ ਇੱਛਰਾਂ
ਅੱਖਾਂ ਵਿੱਚੋਂ.......................?

੬. ਵੱਡ ਦਿੱਤੇ ਪਾਪੀਆਂ ਨੇ ਹੱਥ ਪੈਰ ਵੇ
ਬੱਚਿਆ ਮੈਂ ਮੰਗਦੀ ਹਾਂ ਤੇਰੀ ਖੈਰ ਵੇ
ਰੱਬ ਅੱਗੇ ਅਰਜਾਂ ਸੁਨਾਉਂਦੀ ਇੱਛਰਾਂ
ਅੱਖਾਂ ਵਿੱਚੋਂ.......................?

੭. ਗੁਰਸੇਵਕ, ਦੀ ਕਲਮ ਉਚਾਰਦੀ
ਭੁੱਖੀ ਹੁੰਦੀ ਮਾਤਾ ਪੁੱਤਰ ਪਿਆਰ ਦੀ
ਪੁੱਤਰ ਪਿਆਰ ਹੈ ਜਤਾਉਂਦੀ ਇੱਛਰਾਂ
ਅੱਖਾਂ ਵਿੱਚੋਂ ਅੱਥਰੂ ਵਹਾਂਉਦੀ ਇੱਛਰਾਂ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ੧੦

ਆਪਣੇ ਪੁੱਤਰ ਦੇ ਵਿਛੋੜੇ ਵਿੱਚ ਰਾਣੀ ਇੱਛਰਾਂ ਤੜਫ਼ ਤੜਫ਼ ਕੇ ਦਿਨ ਬਤੀਤ ਕਰਦੀ ਹੈ। ਕਵੀ ਕਾਲੀਦਾਸ ਨੇ ਪੂਰਨ ਦੇ ਕਿੱਸੇ ਵਿੱਚ ਬਿਆਨ ਕੀਤਾ ਹੈ। ਕਿ ਮਾਂ ਇੱਛਰਾਂ ਨੇ ਪੂਰਨ ਦੇ ਹੱਥ ਪੈਰ ਰੁਮਾਲ ਵਿੱਚ ਲਪੇਟ ਕੇ ਸੁਨਹਿਰੀ ਸੰਦੂਕ ਵਿੱਚ ਪਾ ਕੇ ਸ਼ਹਿਰ ਦੇ ਬਾਹਰਵਾਰ ਟੋਆ ਪੁੱਟ ਕੇ ਦਬਾ ਦਿੱਤੇ। ਜਦੋਂ ਦਿਲ ਕਰਦਾ ਦਿਨ ਰਾਤ ਜਾ ਕੇ ਵੇਖ ਆਉਂਦੀ। ਓਧਰ ਖੂਹ ਵਿੱਚ ਪਿਆ ਹੋਇਆ ਪੂਰਨ ਪ੍ਰਮੇਸ਼ਰ ਨੂੰ ਯਾਦ ਕਰਦਾ ਹੈ। ਸੱਚੇ ਦਿਲੋਂ ਕੀਤੀ ਹੋਈ ਅਰਦਾਸ ਪ੍ਰਮੇਸ਼ਰ ਨੇ ਪ੍ਰਵਾਨ ਕੀਤੀ। ਖੂਹ ਵਿੱਚ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਇੱਕ ਅੰਮ੍ਰਿਤ ਬੂਟੀ ਉਗਾ ਦਿੱਤੀ। ਜਿਸ ਦਾ ਇੱਕ ਪੱਤਾ ਹਰ ਰੋਜ਼ ਪੂਰਨ ਖਾ ਲੈਂਦਾ ਹੈ। ਜਿਸਦੇ ਖਾਣ ਨਾਲ ਪੂਰਨ ਦੀ ਭੁੱਖ ਪਿਆਸ ਦੁੱਖ ਦਰਦ ਸਾਰੇ ਦੂਰ ਹੋ ਗਏ ਅਤੇ ਹੱਥ ਪੈਰ ਵੀ ਠੀਕ ਹੋਣੇ ਸ਼ੁਰੂ ਹੋ ਗਏ। ਕਵੀ ਕਾਲੀਦਾਸ ਲਿਖਦਾ ਹੈ।

"ਇਤਨੀ ਅਰਜ ਸੁਣੀ ਪ੍ਰਮੇਸ਼ਰ ਪਈ ਪ੍ਰੇਮ ਦੀ ਫਾਹੀ"
"ਅੰਮ੍ਰਿਤ ਬੂਟੀ ਖੂਹੇ ਦੇ ਵਿੱਚ ਮਾਇਆ ਨਾਲ ਉਗਾਈ"
"ਇੱਕ ਪੱਤਾ ਮੁੜ ਉਸ ਬੂਟੀ ਦਾ ਪ੍ਰਾਂਤ ਸਮੇਂ ਖਾ ਛੱਡੇ"
"ਦਿਨ ਦਿਨ ਜਖ਼ਮ ਸੋਖ਼ਤਾ ਹੁੰਦੇ ਹੱਥ ਪੈਰ ਜੋ ਵੱਡੇ"

ਪੂਰਨ ਦੇ ਉਤੇ ਭਗਵਾਨ ਦੀ ਪੂਰਨ ਕਿਰਪਾ ਹੋ ਗਈ, ਕਵੀ ਓਸ ਵੇਲੇ ਨੂੰ ਇਸ ਤਰਾਂ ਕਲਮ ਬੰਦ ਕਰਦਾ ਹੈ।



Sri Satguru Jagjit Singh Ji eLibrary NamdhariElibrary@gmail.com

ਕਬਿੱਤ :- ਪੂਰਨ ਨੂੰ ਖੂਹ ਦੇ ਵਿੱਚ, ਸੁੱਟਿਆ ਜੱਲਾਦਾ ਜਦੋਂ
ਪੂਰਨ ਦਾ ਪਿਛਲਾ, ਕਰਮ ਅੱਗੇ ਆ ਗਿਆ
ਸੁਣੀ ਅਰਜੋਈ, ਮਹਾਰਾਜ ਮੰਨੀ ਸੋਈ ਭਾਈ
ਅੰਮ੍ਰਿਤ ਬੂਟੀ ਪ੍ਰਭੂ, ਖੂਹੇ ਵਿੱਚ ਲਾ ਗਿਆ
ਇੱਕ ਪੱਤਾ ਬੂਟੀ ਦਾ ਸੀ, ਹਰ ਰੋਜ਼ ਖਾਈ ਜਾਵੇ
ਗੁਰੂ ਦਿਆਂ ਚਰਨਾਂ ਚੁ, ਸੁਰਤੀ ਟਿਕਾ ਗਿਆ
ਹੱਥ ਪੈਰ ਆਪਣੇ ਹੀ ਆਪ ਠੀਕ ਹੁੰਦੇ ਜਾਣ
ਮੂਰਤ ਮੁਕੰਦ ਦੀ ਉਹ, ਹਿਰਦੇ ਵਸਾ ਗਿਆ
ਬਾਰਾਂ ਸਾਲ ਭੁੱਖਾਂ ਤੇ, ਪਿਆਸਾ ਵਿੱਚ ਖੂਹੇ ਰਿਹਾ
ਭਗਤ ਦਾ ਪ੍ਰੇਮ, ਪਰਮੇਸ਼ਰ ਨੂੰ ਭਾ ਗਿਆ
ਕਹੇ 'ਗੁਰਸੇਵਕ' ਨਿਆਰੇ ਓਸ ਖੂਹੇ ਉਤੇ
ਚੇਲਿਆਂ ਦੇ ਨਾਲ ਗੁਰੂ ਗੋਰਖ ਸੀ ਆ ਗਿਆ

ਪ੍ਰਭੂ ਨੇ ਕਿਰਪਾ ਕੀਤੀ ਸੱਚੀ ਭਾਵਨਾ ਨੂੰ ਫ਼ਲ ਲੱਗਾ ਕਿ ਸੈਰ ਕਰਦਾ ਕਰਦਾ ਗੁਰੂ ਗੋਰਖ ਓਸ ਜਗਾ ਆਣ ਪਹੁੰਚਾ ਜਿੱਥੇ ਖੂਹ ਵਿੱਚ ਪੂਰਨ ਪਿਆ ਹੋਇਆ ਸੀ। ਗੁਰੂ ਗੋਰਖ ਦਾ ਇਸਨਾਨ ਕਰਾਉਣ ਵਾਸਤੇ ਜਦੋ ਭਿਰੰਗੀ ਨਾਥ ਨਾਮ ਦਾ ਇੱਕ ਚੇਲਾ ਪਾਣੀ ਲੈਣ ਵਾਸਤੇ ਓਸ ਖੂਹ ਕੋਲ ਪੁੱਜਾ, ਜਦੋਂ ਓਸਨੇ ਖੂਹ ਵਿੱਚੋਂ ਪਾਣੀ ਭਰਨ ਵਾਸਤੇ ਡੋਲ ਨੂੰ ਵਹਾਇਆ ਤਾਂ ਡੋਲ ਨੂੰ ਅੱਗੋਂ ਪੂਰਨ ਨੇ ਪਕੜ ਲਿਆ। ਭਿਰੰਗੀ ਨਾਥ ਨੇ ਜਾਣਿਆ ਕਿ ਖੂਹ ਵਿੱਚ ਕੋਈ ਜਿੰਨ ਭੂਤ ਹੈ। ਭਿਰੰਗੀ ਨਾਥ ਘਬਰਾ ਗਿਆ। ਤੇ ਓਥੋ ਭੱਜ ਨੱਸਾ ਜਾਕੇ ਗੁਰੂ ਗੋਰਖ ਨੂੰ ਸਾਰੀ ਵਾਰਤਾ ਦੱਸਦਾ ਹੈ।



Sri Satguru Jagjit Singh Ji eLibrary NamdhariElibrary@gmail.com

ਕਬਿੱਤ :- ਗੋਰਖ ਗੁਰੂ ਨੇ, ਇਸ਼ਨਾਨ ਹਿੱਤ ਤਤਛਿਨ
ਚੇਲਿਆਂ ਦੇ ਤਾਂਈ, ਇੱਕ ਹੁਕਮ ਸੁਨਾਇਆ ਏ
ਇੱਕ ਸੀ ਭਿਰੰਗੀ ਨਾਥ, ਮਨ ਵਿੱਚ ਰੱਖ ਆਸ
ਖੂਹ ਵਿੱਚ ਜਾ ਕੇ ਉਸ, ਡੋਲ ਨੂੰ ਵਹਾਇਆ ਏ
ਖੂਹ ਵਿੱਚੋਂ ਡੋਲ ਤਾਈਂ, ਪੂਰਨ ਪਕੜ ਲਿਆ
ਤੱਕ ਸਾਰੀ ਘਟਨਾਂ ਤੇ, ਨਾਥ ਘਬਰਾਇਆ ਏ
ਜਿੰਨ ਭੂਤ ਆਦਮੀਂ ਕੋਈ, ਜਾਪਦਾ ਹੈ ਖੂਹ ਦੇ ਕੋਲ
ਲਗਦਾ ਪਸਾਰੀ, ਪਰਮੇਸ਼ਰ ਨੇ ਮਾਇਆ ਏ
ਹੇ ਬਾਬਾ ਖੂਹ ਵਿੱਚੋਂ, ਹਮਕੋ ਨਿਕਾਲੋ ਬਾਹਰ
ਹੱਥ ਜੋੜ ਪੂਰਨ ਨੇ, ਵਾਸਤਾ ਇਹ ਪਾਇਆ ਏ
ਕਹੇ, ਗੁਰਸੇਵਕ, ਭਿਰੰਗੀ ਨਾਥ, ਗੁਰੂ ਪਾਸ
ਅੱਖੀਂ, ਡਿੱਠਾ ਆ ਕੇ, ਸਾਰਾ ਹਾਲ ਇਹ ਸੁਨਾਇਆ ਏ

ਘਬਰਾਏ ਹੋਏ ਭਿਰੰਗੀ ਨਾਥ ਨੇ ਗੁਰੂ ਗੋਰਖ ਦੇ ਚਰਨ ਫੜਕੇ ਆਖਿਆ ਹੇ ਗੁਰੂ ਜੀ ਤੁਸੀਂ ਅੰਤਰਜਾਮੀਂ ਹੋ ਖੂਹ ਵਿੱਚ ਜਿੰਨ ਭੂਤ ਜਾ ਕੋਈ ਬਲਾ ਹੈ ਅਜੀਬ ਕਿਸਮ ਦੀਆਂ ਅਵਾਜ਼ਾਂ ਆ ਰਹੀਆਂ ਹਨ। ਆਪਣੇ ਦਿਲ ਦੀ ਵਿੱਥਿਆਂ ਨੂੰ ਭਿਰੰਗੀ ਨਾਥ ਇਉਂ ਸੁਣਾ ਰਿਹਾ ਹੈ।



Sri Satguru Jagjit Singh Ji eLibrary NamdhariElibrary@gmail.com

## (ਤਰਜ਼) ਅੱਜ ਸਾਨੂੰ ਰੀਝਾਂ ਨਾ ਸ਼ਿੰਗਾਰ ਸਾਡੀ ਅੰਮੀਏ

## ਗੀਤ ਛੰਦ ੧੦

੧. ਜਦ ਡੋਲ ਆਪਣਾ ਮੈਂ ਖੂਹੇ ਚੁ ਵਹਾਇਆ ਸੀ
ਖੂਹ ਦੇ ਵਿੱਚੋਂ ਡੋਲ ਫਿਰ ਵਾਪਸ ਨਾ ਆਇਆ ਸੀ
ਸੌਰਿਆ ਨਾ ਮੇਰਾ ਕੋਈ ਕਾਜ ਗੁਰੂ ਗੋਰਖ ਜੀ
ਖੂਹ ਦੇ ਵਿਚੋਂ ਆਉਂਦੀ ਏ ਅਵਾਜ਼ ਗੁਰੂ ਗੋਰਖ ਜੀ

੨. ਸੱਚ ਮੈਂ ਸੁਨਾਵਾਂ ਮੈਨੂੰ ਵਾਸਤਾ ਈ ਆਪਦਾ
ਜਿੰਨ ਭੂਤ ਮੈਨੂੰ ਕੋਈ ਖੂਹੇ ਕੋਲ ਜਾਪਦਾ
ਹੈ ਕੋਈ ਇਸ ਗੱਲ ਵਿੱਚ ਰਾਜ ਗੁਰੂ ਗੋਰਖ ਜੀ
ਖੂਹ ਦੇ ਵਿਚੋਂ ਆਉਂਦੀ ਏ ਅਵਾਜ਼ ਗੁਰੂ ਗੋਰਖ ਜੀ

੩. ਕੰਬਿਆ ਸਰੀਰ ਦਿਲ ਮੇਰਾ ਘਬਰਾ ਗਿਆ
ਉਸੇ ਵੇਲੇ ਮੁੜਕੇ ਤੁਹਾਡੇ ਕੋਲ ਆ ਗਿਆ
ਤੇਰੇ ਉਤੇ ਮੈਨੂੰ ਬੜਾ ਨਾਜ ਗੁਰੂ ਗੋਰਖ ਜੀ
ਖੂਹ ਦੇ ਵਿੱਚੋਂ ਆਉਂਦੀ ਏ..............?



Sri Satguru Jagjit Singh Ji eLibrary NamdhariElibrary@gmail.com

੪. ਜਾਣ ਲਵੋ ਸਭ ਤੁਸੀਂ ਆਪ ਜਾਣੀ ਜਾਣ ਹੋ
ਮੈਂ ਹਾਂ ਤੇਰਾ ਦਾਸ ਤੁਸੀਂ ਸ਼ਕਤੀ ਮਹਾਨ ਹੋ
ਆਪ ਜੀ ਹੋ ਗਰੀਬ ਨਿਵਾਜ਼ ਗੁਰੂ ਗੋਰਖ ਜੀ
ਖੂਹ ਦੇ ਵਿੱਚੋਂ ਆਉਂਦੀ ਏ...............?

੫. ਤੀਨ ਲੋਕ ਵਿੱਚ ਤੇਰਾ ਡੰਕਾ ਏ ਵੱਜਦਾ
ਖੰਡ ਬ੍ਰਹਮੰਡ ਤੈਨੂੰ ਕਰਦਾ ਏ ਸੱਜਦਾ
ਉਚਿੱਆਂ ਤੋਂ ਉੱਚੇ ਮਹਾਰਾਜ ਗੁਰੂ ਗੋਰਖ ਜੀ
ਖੂਹ ਦੇ ਵਿੱਚੋਂ ਆਉਂਦੀ ਏ...............?

੬. ਕਹੇ 'ਗੁਰਸੇਵਕ' ਦੁਆਰੇ ਤੇਰੇ ਆ ਗਿਆ
ਮੰਗੀਆਂ ਮੁਰਾਦਾ ਉਹ ਪਲਾਂ ਵਿੱਚ ਪਾ ਗਿਆ
ਦੇਂਵਦੇਂ ਹੋ ਤਖ਼ਤ ਤੇ ਤਾਜ ਗੁਰੂ ਗੋਰਖ ਜੀ
ਖੂਹ ਦੇ ਵਿੱਚੋਂ ਆਉਂਦੀ ਏ...............?



Sri Satguru Jagjit Singh Ji eLibrary NamdhariElibrary@gmail.com

## ਪ੍ਰਚਾਰ ।।

ਆਪਣੇ ਚੇਲੇ ਤੋਂ ਸਾਰੀ ਵਾਰਤਾ ਸੁਣ ਕੇ ਗੁਰੂ ਗੋਰਖ ਨਾਥ ਚੇਲਿਆ ਸਮੇਤ ਆਪ ਚੱਲਕੇ ਖੂਹ ਕੋਲ ਆਇਆ। ਜਦੋ ਗੁਰੂ ਗੋਰਖ ਨੇ ਧਿਆਨ ਲਾ ਕੇ ਦੇਖਿਆ ਤਾਂ ਖੂਹ ਵਿੱਚ ਪਿਆ ਹੋਇਆ ਆਦਮੀ ਨਜ਼ਰ ਆਇਆ। ਆਪਣੇ ਚੇਲਿਆ ਨੂੰ ਹੁਕਮ ਕਰਕੇ ਉਸ ਨੂੰ ਬਾਹਰ ਕੱਢਿਆ। ਕਵੀ ਨੇ ਇਹਨਾਂ ਘੜੀਆਂ ਨੂੰ ਆਪਣੇ ਸ਼ਬਦਾਂ ਦੁਆਰਾ ਇਸ ਤਰਾਂ ਘੜਿਆ ਹੈ।

ਕਬਿੱਤ :- ਗੋਰਖ ਗੁਰੂ ਨੇ ਜਦੋਂ, ਗੱਲ ਸੁਣੀ ਨਾਥ ਕੋਲੋ
ਚੱਲਕੇ ਤੁਰੰਤ ਫੇਰ, ਖੂਹੇ ਕੋਲ ਆਂਵਦਾ
ਆਂਵਦਾ ਹੈ ਖੂਹੇ ਕੋਲ, ਲਾਂਵਦਾ ਧਿਆਨ ਨਾਥ
ਗੁਰੂ ਦਿਆਂ ਚਰਨਾਂ ਚੁ, ਸੁਰਤੀ ਟਿਕਾਂਵਦਾ
ਕੱਢੋ ਇਹਨੂੰ ਬਾਹਰ, ਪਿਆ ਖੂਹ ਦੇ ਵਿਚਕਾਰ ਹਾਰ
ਚੇਲਿਆ ਨੂੰ ਨਾਥ, ਖਾਸ ਹੁਕਮ ਸੁਨਾਂਵਦਾ
ਪੂਰਨ ਪਿਆਰੇ ਤਾਂਈ, ਇੱਛਰਾਂ ਦੁਲਾਰੇ ਤਾਂਈ
ਖਿੱਚਕੇ ਤੇ ਖੂਹ ਦੇ ਵਿੱਚੋਂ, ਬਾਹਰ ਹੈ ਲਿਆਂਵਦਾ
ਹੋ ਕੇ ਫਰਿਆਦੀ, ਅਤੀ ਹੋ ਕੇ ਧੰਨਵਾਦੀ ਫਿਰ
ਲੱਖ ਲੱਖ ਪੂਰਨ ਹੈ, ਸ਼ੁਕਰ ਮਨਾਂਵਦਾ
ਕਹੇ 'ਗੁਰਸੇਵਕ' ਜੀ ਪੂਰਨ ਭਗਤ ਫਿਰ
ਗੋਰਖ ਦੇ ਚਰਨਾਂ ਤੇ, ਸੀਸ ਹੈ ਟਿਕਾਂਵਦਾ



Sri Satguru Jagjit Singh Ji eLibrary NamdhariElibrary@gmail.com

*

ਖੂਹ ਵਿੱਚੋ ਬਾਹਰ ਕੱਢਕੇ ਗੁਰੂ ਗੋਰਖ ਨੇ ਪ੍ਰਸ਼ਨ ਕੀਤਾ। ਹੇ ਬਾਲਕ ਤੇਰਾ ਨਾਮ ਕੀ ਹੈ। ਤੂੰ ਕਿਥੋ ਦਾ ਰਹਿਣ ਵਾਲਾ ਹੈ। ਤੇਰੇ ਮਾਤਾ ਪਿਤਾ ਕੌਣ ਹਨ। ਖੂਹ ਵਿੱਚ ਤੂੰ ਕਿੱਦਾਂ ਅਤੇ ਕਦੋਂ ਦਾ ਪਿਆ ਹੋਇਆਂ ਹੈ। ਪੂਰਨ ਨੇ ਅੱਗੋ ਜਵਾਬ ਦਿੱਤਾ ਰਾਜੇ ਸਲਵਾਹਨ ਦਾ ਪੁੱਤਰ ਹਾਂ। ਮਾਂ ਇੱਛਰਾ ਦਾ ਜਾਇਆ ਹਾਂ, ਪੂਰਨ ਮੇਰਾ ਨਾਂ ਹੈ। ਮਤੇਈ ਮਾਂ ਲੂਣਾਂ ਵੱਲੋਂ ਲਾਏ ਗਏ ਝੂਠੇ ਇਲਜ਼ਾਮ ਕਰਕੇ ਇਸ ਖੂਹ ਵਿੱਚ ਹੱਥ ਪੈਰ ਵੱਢਕੇ ਸੁੱਟਿਆ ਗਿਆ ਸੀ। ਅੱਜ ਆਪ ਜੀ ਦੀ ਕਿਰਪਾ ਨਾਲ ਮੈਨੂੰ ਨਵੀਂ ਜਿੰਦਗੀ ਪ੍ਰਾਪਤ ਹੋਈ ਹੈ। ਗੁਰੂ ਗੋਰਖ ਨੇ ਆਖਿਆ ਬੇਟਾ ਹੁਣ ਤੂੰ ਆਪਣੇ ਘਰ ਨੂੰ ਜਾਹ ਪਰ ਪੂਰਨ ਨੇ ਭਰੇ ਮਨ ਨਾਲ ਅਰਜ਼ ਕੀਤੀ ਮਹਾਰਾਜ ਮੇਰਾ ਕੋਈ ਘਰ ਨਹੀਂ, ਮੇਰਾ ਕੋਈ ਆਪਣਾ ਨਹੀ, ਤੁਹਾਡੇ ਚਰਨ ਹੀ ਮੇਰੀ ਜਿੰਦਗੀ ਦਾ ਸਹਾਰਾ ਹਨ। ਕਿਰਪਾ ਕਰੋ ਮੈਨੂੰ ਆਪਣੀ ਸ਼ਰਣ ਵਿੱਚ ਲੈ ਲਵੋ। ਚਰਨਾਂ ਵਿੱਚ ਜਗਾ ਦੇ ਦੇਵੋ। ਗੁਰੂ ਗੋਰਖ ਪੂਰਨ ਨੂੰ ਘਰ ਜਾਣ ਵਾਸਤੇ ਆਖਦਾ ਹੈ ਪੂਰਨ ਗੁਰੂ ਗੋਰਖ ਦੇ ਕੋਲੋ ਚਰਨਾਂ ਵਿੱਚ ਥਾਂ ਮੰਗਦਾ ਹੈ। ਇਸਤਰਾਂ ਬਿਆਨ ਹੈ।

---

ਨੋਟ :* ਗੋਰਖਨਾਥ ਜੋਗੀਆ ਦਾ ਆਚਾਰਯ ਗੋਰਖ ਨਾਥ ਜਿਸ ਦਾ ਜਨਮ ਗੋਰਖਪੁਰ ਨਗਰ ਵਿੱਚ ਹੋਇਆ। ਮਛੰਦਰ ਨਾਥ ਦਾ ਚੇਲਾ। ਨੌ ਨਾਥਾਂ ਵਿੱਚ ਇਸਦੀ ਗਿਣਤੀ ਹੈ। ਕੰਨਪਾਟਾ ਪੰਥ ਏਸੇ ਤੋਂ ਹੀ ਹੋਂਦ ਵਿੱਚ ਆਇਆ।

ਪੰਡਿਤੁ ਸਾਸਤ ਸਿਮ੍ਰਿਤਿ ਪੜਿਆ
ਜੋਗੀ ਗੋਰਖੁ ਗੋਰਖੁ ਕਰਿਆ। ਮਹਾਨਕੋਸ਼

੯ ਨਾਥ : ਗੋਰਖਨਾਥ, ਮਛੰਦਰ ਨਾਥ, ਮੰਗਲ ਨਾਥ, ਘੁਘੂ ਨਾਥ, ਪ੍ਰਾਣ ਨਾਥ, ਗੋਪੀ ਨਾਥ, ਚੰਬਾ ਨਾਥ, ਪੂਰਤੀ ਨਾਥ।

---



Sri Satguru Jagjit Singh Ji eLibrary NamdhariElibrary@gmail.com

## ਛੰਦ 11

1. ਬਾਬਾ ਤੈਨੂੰ ਦੇਂਦਾ ਮੈਂ ਤਾਂ ਉੱਤਰ ਹਾਂ
ਰਾਜੇ ਸਲਵਾਹਨ ਦਾ ਮੈਂ ਤਾਂ ਪੁੱਤਰ ਹਾਂ
ਰਾਣੀ ਇੱਛਰਾਂ ਧਰਮੀਂ ਮੇਰੀ ਮਾਂ ਬਾਬਾ
ਚਰਨਾਂ ਦੇ ਵਿੱਚ ਦੇ ਦੇ ਮੈਨੂੰ ਥਾ ਬਾਬਾ

2. ਕਾਮ ਕ੍ਰੋਧ ਤੇ ਲੋਭ ਮੋਹ ਨੂੰ ਮਾਰ ਲਵਾਂ
ਤੇਰੇ ਚਰਨੀਂ ਲੱਗਕੇ ਜਨਮ ਸਵਾਰ ਲਵਾਂ
ਦੱਸਦੇ ਮੈਨੂੰ ਕਰਮ ਧਰਮ ਦਾ ਰਾਹ ਬਾਬਾ
ਚਰਨਾਂ ਦੇ ਵਿੱਚ ਦੇ ਦੇ.................?

3. ਸੰਗੀ ਸਾਥੀ ਰਿਸ਼ਤੇ ਨਾਤੇ ਯਾਰ ਨਹੀਂ
ਧੋਖੇਬਾਜ਼ ਨੇ ਸਾਰੇ ਕੋਈ ਦਿਲਦਾਰ ਨਹੀਂ
ਪਰਮੇਸ਼ਰ ਬਿਨ ਕੋਈ ਨਾ ਫੜਦਾ ਬਾਂਹ ਬਾਬਾ
ਚਰਨਾਂ ਦੇ ਵਿੱਚ ਦੇ ਦੇ.................?



Sri Satguru Jagjit Singh Ji eLibrary NamdhariElibrary@gmail.com

4. ਕੰਨਾਂ ਦੇ ਵਿੱਚ ਮੁੰਦਰਾਂ ਮੇਰੇ ਡਾਰ ਦਿਓ
ਚੰਚਲਤਾਈ ਮਨ ਮੇਰੇ ਨੂੰ ਮਾਰ ਦਿਓ
ਮਨ ਮੇਰੇ ਨੂੰ ਪ੍ਰਭ ਮਿਲਨੇ ਦੀ ਚਾਹ ਬਾਬਾ
ਚਰਨਾਂ ਦੇ ਵਿੱਚ ਦੇ ਦੇ.................?

5. ਮਨ ਵੱਸ ਆਵੇ ਐਸੀ ਕਿਰਪਾ ਕਰ ਦੇਵੋ
ਖਾਲੀ ਝੋਲੀ ਬਾਬਾ ਮੇਰੀ ਭਰ ਦੇਵੋ
ਦਾਤ ਨਾਮ ਦੀ ਕੰਨਾਂ ਦੇ ਵਿੱਚ ਪਾ ਬਾਬਾ
ਚਰਨਾਂ ਦੇ ਵਿੱਚ ਦੇ ਦੇ.................?

6. ਹੱਥ ਕਰਮੰਡਲ ਤਿਲਕ ਮੱਥੇ ਤੇ ਲਾ ਨਾਥਾਂ
ਪੀਲਾ ਚੋਲਾ ਤਨ ਮੇਰੇ ਤੇ ਪਾ ਨਾਥਾਂ
ਤਨ ਦੇ ਉਤੇ ਬਿਭੂਤੀ ਮੇਰੇ ਲਾ ਬਾਬਾ
ਚਰਨਾਂ ਦੇ ਵਿੱਚ ਦੇ ਦੇ.................?

7. 'ਗੁਰਸੇਵਕ' ਨੂੰ ਆਪਣਾ ਸੇਵਾਦਾਰ ਕਰੋ
ਜਗਤ ਜਲੰਦੇ ਵਿੱਚੋਂ ਮੈਨੂੰ ਪਾਰ ਕਰੋ
ਬਖ਼ਸੋ ਮੇਰੇ ਸਾਰੇ ਤੁਸੀ ਗੁਨਾਹ ਬਾਬਾ
ਚਰਨਾਂ ਦੇ ਵਿੱਚ ਦੇ ਦੇ ਮੈਨੂੰ ਥਾਂ ਬਾਬਾ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 12

ਪੂਰਨ ਦਾ ਮਨ ਸੱਚਾ ਵੇਖਕੇ । ਜਗਿਆਸੂ ਬਿਰਤੀ ਜਾਣ ਕੇ ਗਿਆਨ ਦਾ ਅਧਿਕਾਰੀ ਸਮਝਕੇ ਗੁਰੂ ਗੋਰਖ ਨੇ ਫੇਰ ਵੀ ਪਰਖਣ ਵਾਸਤੇ ਇਸ ਤਰਾਂ ਆਖਿਆ ਜੋਗ ਦਾ ਮਾਰਗ ਬੜਾ ਕਠਨ ਹੈ ਜਿਊਂਦੇ ਮਰਨਾ ਪੈਂਦਾ ਹੈ । ਗੁਰਬਾਣੀ ਵਿੱਚ ਵੀ ਫੁਰਮਾਣ ਹੈ ।

"ਆਪ ਗਵਾਈਐ ਤਾ ਸਹੁ ਪਾਈਐ"

ਸ਼ਬਦ : ਜੋਗੁ ਨਾ ਖਿੰਥਾ ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ
ਜੋਗੁ ਨ ਮੁੰਦੀ ਮੂੰਡਿ ਮੁਡਾਇਐ ਜੋਗੁ ਨ ਸਿੰਙੀ ਵਾਈਐ
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ
।। ਗਲੀ ਜੋਗੁ ਨ ਹੋਈ ।।
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ । ਰਹਾਓ ।।
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ
ਅੰਜਨ ਮਾਹਿ ਨਿਰੰਜਨਿ ਰਹੀਐ ਜੋਗੁ ਜੁਗਤਿ ਇਵ ਪਾਈਐ
ਸਤਿਗੁਰ ਭੇਟੈ ਤਾ ਸਹਸਾ ਤੂਟੈ ਧਾਵਤੁ ਵਰਜਿ ਰਹਾਈਐ
ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ
ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ



Sri Satguru Jagjit Singh Ji eLibrary NamdhariElibrary@gmail.com

ਭਗਵਾ ਵੇਸ ਪਾਉਣ ਨਾਲ, ਹੱਥ ਵਿੱਚ ਡੰਡਾ ਫੜ ਲੈਣ ਨਾਲ, ਸਰੀਰ ਉਤੇ ਬਿਭੂਤੀ ਮਲਣ ਨਾਲ, ਰੋਮਾਂ ਨੂੰ ਕਟਾ ਲੈਣ ਨਾਲ, ਸੰਖ ਵਜਾਉਣ ਨਾਲ, ਮੱਥੇ ਤੇ ਤਿਲਕ ਲਾਉਣ ਨਾਲ, ਕੰਨਾਂ ਵਿੱਚ ਮੁੰਦਰਾਂ ਪਾ ਲੈਣ ਨਾਲ, ਤੀਰਥਾਂ ਤੇ ਨਹਾਉਣ ਨਾਲ, ਦੇਸਾਂ ਵਿਦੇਸਾਂ ਦਾ ਭ੍ਰਮਣ ਕਰਨ ਨਾਲ, ਹੇ ਬੇਟਾ, ਕੋਈ ਜੋਗੀ ਨਹੀ ਬਣ ਜਾਂਦਾ । ਸਾਰੀ ਸ੍ਰਿਸ਼ਟੀ ਨੂੰ ਇੱਕ ਨਜ਼ਰ ਨਾਲ ਵੇਖਣਾ ਪੈਂਦਾ ਹੈ । ਦੁਸਮਣ ਵੀ ਆਪਣੇ ਮਿੱਤਰ ਸਮਝਣੇ ਪੈਂਦੇ ਹਨ । ਜਦੋਂ ਐਸੀ ਬਿਰਤੀ ਹੋ ਜਾਵੇ ਤਾਂ ਜੋਗੀ ਦੀ ਪਦਵੀ ਹਾਸਲ ਹੁੰਦੀ ਹੈ । ਪੂਰਨ ਨੇ ਗੋਰਖ ਗੁਰੂ ਦੇ ਚਰਣ ਫੜਕੇ ਤਰਲਾ ਲਿਆ । ਹੇ ਬਾਬਾ, ਮੈਂ ਜਿਊਂਦਾ ਮਰਨ ਲਈ ਤਿਆਰ ਹਾਂ । ਮੈਨੂੰ ਆਪਣੇ ਚਰਨਾਂ ਤੋਂ ਦੂਰ ਨਾ ਕਰੋ । ਤਰਸ ਕਰੋ, ਰਹਿਮ ਕਰੋ, ਦਇਆ ਕਰੋ, ਤਰਲਾ ਸੁਣ ਕੇ ਗੋਰਖ ਦਾ ਮਨ ਪਿਘਲ ਗਿਆ । ਪੂਰਨ ਨੂੰ ਗਿਆਨ ਦਿੰਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਕਬਿੱਤ :- ਗੋਰਖ ਚਲਾਏ ਸੀ, ਗਿਆਨ ਵਾਲੇ ਬਾਣ ਜਦੋਂ
ਜੋਗ ਵਾਲੀ ਜੁਗਤੀ, ਸਖਾਵਾਂ ਤੈਨੂੰ ਬੱਚਿਆਂ
ਜੁਗਤੀ ਦੇ ਬਿਨਾਂ ਕਦੇ, ਮੁਕਤੀ ਨਾ ਮਿਲੇ ਬੇਟਾ
ਮੁਕਤੀ ਦਾ ਮਾਰਗ, ਬਤਾਵਾਂ ਤੈਨੂੰ ਬੱਚਿਆ
ਜਿਉਂਦੇ ਮਰ ਜਾਣਾ, ਅਤੇ ਮਰਕੇ ਜਿਊਣਾ ਪੈਂਦਾ
ਜੀਵਨ ਦਾ ਭੇਦ ਮੈਂ, ਸੁਨਾਵਾਂ ਤੈਨੂੰ ਬੱਚਿਆ
ਦਸਵੇਂ ਦੁਆਰ ਵਿੱਚ, ਪਹੁੰਚਣਾ ਹੈ ਕਿਵੇਂ ਬੱਚਾ
ਬੈਠ ਸਾਰਾ ਪਾਠ ਮੈਂ, ਪੜਾਵਾਂ ਤੈਨੂੰ ਬੱਚਿਆ
ਜੋਗੀਆ ਦੇ ਨਾਲ ਕਿਵੇਂ ਰਹਿਣਾ ਸਹਿਣਾ, ਕਹਿਣਾ, ਕਿਵੇਂ
ਪੂਰਨ ਗਿਆਨ ਮੈਂ, ਕਰਾਵਾ ਤੈਨੂੰ ਬੱਚਿਆ
ਕਹੇ, ਢਿਲੋਂ, ਕਵੀ, ਤੇਰਾ ਜੀਵਨ ਸਫ਼ਲ ਹੋਵੇ
ਦਿਲ ਵਿੱਚੋ ਮੇਰੀਆਂ ਦੁਆਵਾਂ ਤੈਨੂੰ ਬੱਚਿਆ

ਗੁਰੂ ਗੋਰਖ ਨੇ ਪੂਰਨ ਨੂੰ ਆਪਣੇ ਕੋਲ ਬਿਠਾ ਲਿਆ । ਪੂਰਨ ਨੂੰ ਪੂਰਾਂ ਜਾਣ ਕੇ ਮਿਹਰ ਭਰੀ ਨਿਗਾ ਨਾਲ ਤੱਕਿਆ । ਚੌਂਕੀ ਰੱਖ ਕੇ ਨਾਲੇ ਆਪ ਇਸ਼ਨਾਨ ਕੀਤਾ ਨਾਲ਼ੇ ਪੂਰਨ ਨੂੰ ਕਰਵਾਇਆ । ਦੋਵੇਂ ਕੰਨ ਪਾੜ ਕੇ ਮੁੰਦਰਾਂ ਪਾ ਦਿੱਤੀਆਂ। ਭਗਵਾ ਚੋਲਾ ਗਲੇ ਪਾਇਆ । ਕੰਨ ਵਿੱਚ ਗੁਰੂ ਮੰਤਰ ਦੇ ਕੇ (ਪੂਰਨ ਨਾਥ) ਨਾਮ ਰੱਖ ਦਿੱਤਾ ਗੁਰੂ ਗੋਰਖ ਨੇ ਆਪਣਾ ਚੇਲਾ ਸਥਾਪਿਤ ਕੀਤਾ । ਗੁਰੂ ਚੇਲੇ ਦੀ ਕਹਾਣੀ ਨੂੰ ਕਵੀ ਦੀ ਜੁਬਾਨੀ ਇਸ ਤਰਾ ਸਰਵਣ ਕਰੋ ।



Sri Satguru Jagjit Singh Ji eLibrary NamdhariElibrary@gmail.com

# ਦੋਤਾਰਾ ਛੰਦ 12

1. ਕੋਲੇ ਸੱਦ ਪੂਰਨ ਨੂੰ ਗੋਰਖ ਨਾਥ ਨੇ ਪਾਸ ਬਹਾਇਆ
ਪਾਕੇ ਕਰਮੰਡਲ ਚੁ ਉਹਨੇ ਜਲ ਸੁੱਚਾ ਮੰਗਵਾਇਆ
ਜੁਗਤੀ ਦੱਸ ਦਿੱਤੀ ਏ ਗੁਰੂ ਨੇ ਸਾਰਾ ਗਿਆਨ ਕਰਾਕੇ
ਜੋਗੀ ਬਣ ਬੈਠਾ ਏ ਪੂਰਨ ਕੰਨੀਂ ਮੁਦਰਾਂ ਪਾ ਕੇ

2. ਚੌਂਕੀ ਤੇ ਬਾਹਕੇ ਤੇ ਪਹਿਲਾਂ ਸੀ ਇਸ਼ਨਾਨ ਕਰਾਇਆ
ਕੰਨਾਂ ਵਿਚ ਪਾ ਮੁੰਦਰਾਂ ਮੱਥੇ ਤਿਲਕ ਓਸਦੇ ਲਾਇਆ
ਗੁਰਮੰਤਰ ਦੇ ਦਿੱਤਾ ਦੱਸਿਆ ਕੰਨ ਦੇ ਵਿੱਚ ਸੁਨਾਕੇ
ਜੋਗੀ ਬਣ ਬੈਠਾ......................?

3. ਨਜ਼ਰਾਂ ਭਰ ਵੇਖ ਲਿਆ ਕੀਤਾ ਨਦਰੋ ਨਦਰਿ ਨਿਹਾਲ
ਵਿੱਚ ਪਲਾਂ ਸਕਿੰਟਾਂ ਦੇ ਕੱਟੇ ਜਨਮ ਮਰਨ ਦੇ ਜਾਲ
ਗੋਰਖ ਨੇ ਗੁਰ ਦਿੱਤਾ ਹੈ ਸੀ ਚੇਲਾ ਨਵਾਂ ਬਣਾਕੇ
ਜੋਗੀ ਬਣ ਬੈਠਾ......................?

4. ਸ਼ਿਵਜੀ ਦੀ ਮੂਰਤ ਨੂੰ ਚੰਦਨ ਦੀਪ ਤੇ ਧੂਪ ਧੁਖਾਇਆ
ਮਰਿਆਦਾ ਵਿੱਚ ਰਹਿਕੇ ਪੂਰਿਆ ਸੰਖ ਤੇ ਨਾਦ ਵਜਾਇਆ
ਕੱਟ ਦਿੱਤੀ ਚੌਰਾਸੀ ਸੀ ਗੋਰਖ ਨੇ ਚਰਨਾਂ ਨਾਲ ਲਾਕੇ
ਜੋਗੀ ਬਣ ਬੈਠਾ......................?



Sri Satguru Jagjit Singh Ji eLibrary NamdhariElibrary@gmail.com

5. ਉਹ ਮੁਰਸ਼ਦ ਕਾਮਲ ਸੀ ਪੂਰਨ ਪੁਰਖ ਸੀ ਕਰਨੀ ਵਾਲਾ
ਸ਼ਿਵਜੀ ਨੂੰ ਯਾਦ ਕਰੇ ਹਰਦਮ ਰਹੇ ਫੇਰਦਾ ਮਾਲਾ
ਸੁੱਖ ਮਿਲਿਆ ਪੂਰਨ ਨੂੰ ਉਹਦੇ ਚਰਨਾਂ ਦੇ ਵਿੱਚ ਆ ਕੇ
ਜੋਗੀ ਬਣ ਬੈਠਾ......................?

6. ਗੋਰਖ ਦਾ ਬਣ ਚੇਲਾ ਫੇਰੀ ਨਗਰ ਨਗਰ ਵਿੱਚ ਲਾਵੇ
ਧਰਮੀਂ ਦਾ ਧਰਮ ਪੱਕਾ ਰੋਟੀ ਹੱਕ ਸੱਚ ਦੀ ਖਾਵੇ
ਆ ਭਿੱਖਿਆ ਮੰਗਦਾ ਏ ਦਰ ਤੇ ਆ ਕੇ ਅਲੱਖ ਜਗਾ ਕੇ
ਜੋਗੀ ਬਣ ਬੈਠਾ......................?

7. ਕਹੇ 'ਸੇਵਕ ਸਿੰਘ ਕਵੀ' ਪੂਰਨ ਬਣਿਆ ਰਾਮ ਵਿਯੋਗੀ
ਵੱਸ ਕਰਕੇ ਇੰਦਰੀਆਂ ਹੋਇਆ ਜਤੀ ਸਤੀ ਸਤਿ ਜੋਗੀ
ਮਨ ਸਾਂਤ ਹੋਂਵਦਾ ਏ ਭਗਤਾ ਦਾ ਪ੍ਰਸੰਗ ਸੁਨਾਕੇ
ਜੋਗੀ ਬਣ ਬੈਠਾ ਏ ਪੂਰਨ ਕੰਨੀਂ ਮੁੰਦਰਾਂ ਪਾਕੇ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 13

ਪੂਰਨ ਨੇ ਗੁਰੂ ਗੋਰਖ ਨੂੰ ਗੁਰੂ ਧਾਰਨ ਕਰ ਲਿਆ । ਗੁਰੂ ਦੀ ਪ੍ਰਾਪਤੀ ਵੀ ਕਰਮਾਂ ਨਾਲ ਹੁੰਦੀ ਹੈ । ਗੁਰਬਾਣੀ ਦਾ ਫੁਰਮਾਣ ਹੈ ।

ਇਉ ਜਪਿਆ ਨਾਥੁ ਦਿਨੁ ਰੈਨਾਈ
ਹੁਣਿ ਪਾਇਆ ਗੁਰੁ ਗੋਸਾਈ ਮ: 5 ਅੰਗ 886
ਜਬ ਗੁਰੁ ਮਿਲਿਆ ਤਬ ਮਨੁ ਵਸਿ ਆਇਆ

ਦੂਸਰੇ ਜੋਗੀਆਂ ਵਾਂਗ ਪੂਰਨ ਨੂੰ ਭਿਖਸ਼ਾ ਲੈਣ ਵਾਸਤੇ ਭੇਜਿਆ ਗਿਆ । ਭਿੱਖਿਆ ਮੰਗਦਾ (2) ਪੂਰਨ ਰਾਣੀ ਸੁੰਦਰਾਂ ਦੇ ਮਹਿਲਾਂ ਦੇ ਦਵਾਰ ਤੇ ਆਣ ਪੁੱਜਾ । ਪੂਰਨ ਦਾ ਰੂਪ ਵੇਖ ਕੇ, ਰਾਜ ਕੁਮਾਰਾ ਵਰਗੀ ਸ਼ਕਲ ਵੇਖ ਕੇ, ਇੱਕ ਗੋਲੀ ਨੇ ਜਾ ਕੇ ਰਾਣੀ ਸੁੰਦਰਾਂ ਨੂੰ ਕਿਹਾ ਹੇ ਰਾਣੀ ਤੇਰੇ ਦੁਆਰ ਉਤੇ ਇੱਕ ਜੋਗੀ ਆਇਆ ਉਹ ਜੋਗੀ ਨਹੀ ਇੰਞ ਲਗਦਾ ਜਿਵੇਂ ਅਰਸ਼ੋ ਫ਼ਰਿਸ਼ਤਾ ਉਤਰ ਆਇਆ ਹੋਵੇ, ਉਹਦੇ ਨੈਣ ਮਤਵਾਲੇ ਨੇ, ਉਹਦਾ ਮੁੱਖੜਾ ਚੰਦਰਮਾ ਨਾਲੋ ਵੀ ਸੁੰਦਰ ਹੈ । ਇਸ ਤਰਾਂ ਦਾ ਮੁੱਖੜਾ ਮੈਂ ਆਪਣੀ ਜਿੰਦਗੀ ਵਿੱਚ ਕਦੇ ਨਹੀ ਵੇਖਿਆ । ਰਾਣੀ ਸੁੰਦਰਾਂ ਨੂੰ ਗੋਲੀ ਇਸ ਪ੍ਰਕਾਰ ਪੂਰਨ ਦੀ ਸੁੰਦਰਤਾ ਦਾ ਵੇਰਵਾ ਦੇ ਰਹੀ ਹੈ ।

ਕਬਿੱਤ :- ਰਾਣੀ ਸੁੰਦਰਾਂ ਨੂੰ ਉਹਦੀ, ਗੋਲੀ ਜਾ ਕੇ ਕਹਿਣ ਲੱਗੀ
ਆਇਆ ਇੱਕ ਜੋਗੀ, ਉਹਦਾ ਹੁਸਨ ਕਮਾਲ ਨੀ
ਸੁੰਦਰ ਸਰੂਪ ਜਾਪੇ, ਭੂਪਾ ਦਾ ਉਹ ਭੂਪ ਜਾਪੇ,



Sri Satguru Jagjit Singh Ji eLibrary NamdhariElibrary@gmail.com

ਚੌਧਵੀ ਦਾ ਚੰਦ, ਜਾਪੇ ਜਤੀ ਸਤੀ ਬਾਲ ਨੀ
ਸੁਣ ਗੱਲ ਸੁੰਦਰਾਂ ਨੀ, ਕੰਨਾਂ ਵਿੱਚ ਮੁੰਦਰਾਂ ਨੀ
ਗੁਲਾਲ ਵਾਂਗੂ ਲਾਲ, ਉਹਦੇ ਮੁੱਖ ਤੇ ਜਲਾਲ ਨੀ
ਕਹੇ, ਗੁਰਸੇਵਕ, ਤੂੰ ਕਰ ਲੈ ਦਰਸ ਉਹਦੇ
ਹੱਥ ਨਹੀਓ ਆਉਣਾ, ਜਿਹੜਾ ਬੀਤ ਗਿਆ ਕਾਲ ਨੀ

ਗੋਲੀ ਕੋਲੋ ਸਿਫ਼ਤ ਸੁਣਕੇ ਰਾਣੀ ਭੱਜੀ ਆਈ । ਮਹਿਲ ਦੀ ਅਟਾਰੀ ਵਿੱਚੋ ਪੂਰਨ ਦਾ ਮੁੱਖ ਤੱਕਿਆ, ਤੱਕਦਿਆ ਸਾਰ ਹੀ ਮੋਹਿਤ ਹੋ ਗਈ । ਤੇ ਹੀਰੇ ਜਵਾਹਰਾਤਾ ਦੇ ਥਾਲ ਭਰਕੇ ਮਹਿਲਾਂ ਤੋਂ ਬਾਹਰ ਭਿੱਖਿਆ ਦੇਣ ਵਾਸਤੇ ਇਉ ਹਾਜ਼ਰ ਹੋਈ ।

ਕਬਿੱਤ :- ਸੁੰਦਰਾਂ ਨੇ ਸੁਣਿਆ ਸੀ, ਪੂਰਨ ਦਾ ਆਉਣਾ ਜਦੋਂ
ਦਰ ਉਤੇ ਜੋਗੀ ਦਾ, ਦਰਸ ਆਣ ਪਾਂਵਦੀ
ਕੰਨਾਂ ਵਿੱਚ ਮੁੰਦਰਾਂ ਸੀ, ਸੁੰਦਰਾਂ ਨੇ ਤੱਕੀਆ ਜਾਂ
ਮੁੱਖ ਚੰਦ ਜਿਹਾ ਵੇਖ, ਹੋਸ਼ ਹੈ ਭੁਲਾਂਵਦੀ
ਮਿੱਟੀ ਦਾ ਜਾਂ ਬੁੱਤ ਹੋਈ, ਅਕਲ ਸੀ ਉਹਦੀ ਖੋਈ
ਬਿੱਟ ਬਿੱਟ ਪੂਰਨ ਦੇ, ਵੱਲ ਤੱਕੀ ਜਾਂਵਦੀ
ਲਾਲ ਸੂਹਾ ਚਿਹਰਾ ਤੇਰਾ, ਭਰਮ ਗਿਆ ਚਿੱਤ ਮੇਰਾ
ਧਰਦੀ ਨਾ ਧੀਰ, ਮੇਰੀ ਜਿੰਦ ਕੁਮਲਾਂਵਦੀ
ਸੋਨਾਂ ਚਾਂਦੀ ਜਵਾਹਰਾਤ, ਅਨਮੁੱਲੇ ਹੀਰੇ ਮੋਤੀ
ਜੋਗੀ ਦਿਆਂ ਚਰਨਾਂ ਚੁ ਭੇਟ ਹੈ ਚੜਾਂਵਦੀ
ਕਹੇ, ਢਿਲੋਂ ਜੱਟ, ਮੈਂ ਤਾਂ ਲਿਖਿਆ ਹਵਾਲ ਸਾਰਾ
ਅੱਗੇ ਉਹ ਹੋਣੀ ਹੋਣਹਾਰ ਜੋ ਕਰਾਂਵਦੀ



Sri Satguru Jagjit Singh Ji eLibrary NamdhariElibrary@gmail.com

ਸੁੰਦਰਾਂ ਕਹਿਣ ਲੱਗੀ ਵੇ ਜੋਗੀਆ ਤੂੰ ਮੈਨੂੰ ਜੋਗਣ ਬਣਾ ਦਿੱਤਾ ਹੈ । ਸਾਰੀ ਉਮਰ ਮੈਂ ਤੇਰੀ ਤਾਬਿਆਦਾਰ ਬਣਕੇ ਰਹਾਂਗੀ । ਮੇਰੇ ਮਹਿਲਾਂ ਵਿੱਚ ਆ ਕੇ ਮਹਿਲਾ ਦਾ ਮਾਲਕ ਬਣ ਜਾ ਪੂਰਨ ਨੇ ਉਤਰ ਦਿੱਤਾ ਸੁੰਦਰਾਂ ਇਹ ਤਨ ਮਨ ਹੁਣ ਮੇਰਾ ਨਹੀਂ । ਮੇਰੇ ਗੁਰੂ ਦਾ ਹੈ । ਜੋ ਮੇਰੇ ਗੁਰੂਦੇਵ ਹੁਕਮ ਕਰਦੇ ਹਨ । ਮੈਂ ਓਸੇ ਤਰਾਂ ਹੀ ਕਰਦਾ ਹਾਂ । ਮੇਰਾ ਆਪਣੇ ਸਰੀਰ ਉਤੇ ਵੀ ਕੋਈ ਹੱਕ ਦਾਅਵਾ ਨਹੀ ਹੈ । ਰਾਣੀ ਸੁੰਦਰਾਂ ਪੂਰਨ ਕੋਲੋਂ ਸਾਰੀ ਵਾਰਤਾ ਪੁੱਛਦੀ ਹੈ ।

ਕਬਿੱਤ :- ਸੁੰਦਰਾਂ ਨੇ ਹੱਥ ਜੋੜ, ਪੁੱਛਿਆ ਏ ਪੂਰਨ ਤੋਂ
ਕਿੱਥੋ ਆਇਆ ਆਪਣਾ ਤੂੰ, ਦੱਸ ਨਾਮ ਜੋਗੀਆ
ਜਾਤ ਕੀ ਏ, ਪਾਤ ਕੀ ਏ, ਕੌਣ ਸਾ ਗ੍ਰਾਮ ਤੇਰਾ,
ਕਿੱਥੇ ਤੇਰਾ ਆਪਣਾ ਏ, ਦੱਸ ਧਾਮ ਜੋਗੀਆ
ਪ੍ਰੇਮ ਤੀਰ ਕੱਸ ਗਿਓਂ, ਮਨ ਵਿੱਚ ਵੱਸ ਗਿਓਂ
ਤੈਨੂੰ ਮੈਂ ਖ੍ਰੀਦ ਲਵਾਂ, ਦੇ ਕੇ ਦਾਮ ਜੋਗੀਆਂ
ਕਹੇ, ਢਿਲੋਂ ਕਵੀ, ਤੈਨੂੰ ਗੁਰੂ ਕੋਲੋ ਮੰਗਲਾਂਗੀ
ਗੁਰੂ ਕੋਲੋ ਮੰਗਣਾ ਹੈ ਮੇਰਾ ਕਾਮ ਜੋਗੀਆਂ

ਰਾਣੀ ਸੁੰਦਰਾਂ ਦੇ ਤਰਲੇ ਪਾਉਣ ਤੇ ਜਦੋਂ ਪੂਰਨ ਟੱਸ ਤੋਂ ਮਸ ਨਾ ਹੋਇਆ ਆਪਣੇ ਧਰਮ ਈਮਾਨ ਤੇ ਕਾਇਮ ਰਿਹਾ ਰਾਣੀ ਫੇਰ ਵੀ ਵਾਰ ਵਾਰ ਤਰਲੇ ਪਾਉਂਦੀ ਹੈ ਤੇ ਕੀ ਆਖਦੀ ਹੈ ।



Sri Satguru Jagjit Singh Ji eLibrary NamdhariElibrary@gmail.com

## ਗੱਡੀ ਛੰਦ 13

ਰਾਣੀ ਸੁੰਦਰਾਂ ਕਰੇ ਅਰਜੋਈ
ਜੋਗੀਆ ਤੂੰ ਸੱਚ ਦੱਸ ਵੇ
ਕਿਹੜਾ ਦੇਸ ਤੇਰਾ ਕਿੱਥੇ ਈ ਟਿਕਾਣਾ
ਕਿਥੇ ਤੇਰਾ ਘਰ ਜੋਗੀਆ
ਧੰਨ ਭਾਗ ਮੇਰੇ ਚੱਲਕੇ ਤੂੰ ਆਇਆ
ਸੁੰਦਰਾਂ ਦੇ ਦਰ ਜੋਗੀਆ
ਝੋਲੀ ਅੱਡਕੇ ਖੜੀ ਹਾਂ ਅੱਗੇ ਤੇਰੇ
ਮੇਰੀ ਝੋਲੀ ਭਰ ਜੋਗੀਆ
ਤੇਰੀ ਸੂਰਤ ਪਿਆਰੀ ਲਗਦੀ
ਸੁੰਦਰ ਤੂੰ ਨਰ ਜੋਗੀਆ
ਭੀਖ ਮੰਗਦੀ ਭਿਖਾਰਨ ਖੜਕੇ
ਮੁਰਾਦ ਪੂਰੀ ਕਰ ਜੋਗੀਆ
ਮੈਂ ਤਾਂ ਅਕਲੋਂ ਸੁਦਾਈ ਹੋਈ
ਚੰਗੀ ਮੰਦੀ ਜਰ ਜੋਗੀਆ
ਤੈਨੂੰ ਸੁੰਦਰਾਂ ਸਮਰਪਤ ਹੋਈ
ਤੂੰ ਏ ਮੇਰਾ ਵਰ ਜੋਗੀਆ
ਤੇਰੇ ਬਾਝੋਂ ਜਿਊਣਾ ਮੇਰਾ ਕਾਹਦਾ



Sri Satguru Jagjit Singh Ji eLibrary NamdhariElibrary@gmail.com

ਜਾਂਵਾਂਗੀ ਮੈਂ ਮਰ ਜੋਗੀਆ
ਸੱਚ, ਸੇਵਕ ਸਿੰਘ, ਸੁਨਾਵੇ
ਸੁੰਦਰਾਂ ਅਰਜ਼ ਕਰਦੀ
ਪੂਰਨਾਂ
ਪੂਰਨਾਂ
ਵੇ ਅੱਖੀਆਂ ਦੇ ਰਹੁ ਸਾਹਮਣੇ
ਜਾਈਂ ਦੂਰ ਨਾ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 14

ਰਾਣੀ ਸੁੰਦਰਾਂ ਦੀ ਗੱਲ ਸੁਣਕੇ ਪੂਰਨ ਨੇ ਜਵਾਬ ਦਿੱਤਾ ਅਸੀਂ ਫ਼ਕੀਰ ਹਾਂ । ਇੱਕ ਜਗਾ ਠਹਿਰ ਨਹੀਂ ਸਕਦੇ । ਫ਼ਕੀਰ ਤਾਂ ਵਹਿੰਦੇ ਦਰਿਆਵਾਂ ਵਾਂਗੂ ਹੁੰਦੇ ਹਨ । ਦਰਿਆਵਾਂ ਦੇ ਵਹਿਣਾ ਨੂੰ ਕਦੀ ਰੋਕਿਆ ਨਹੀਂ ਜਾਂਦਾ । ਰਾਣੀ ਸੁੰਦਰਾਂ ਨੂੰ ਪੂਰਨ ਇਸ ਤਰਾਂ ਸਮਝਾਉਂਦਾ ਹੈ ।

ਕਬਿੱਤ :- ਸੁੰਦਰਾਂ ਨੂੰ ਪੂਰਨ, ਪਿਆਰ ਨਾਲ ਆਖਦਾ ਏ  
ਇੱਕ ਜਗਾ ਉਤੇ ਕਦੇ, ਖੜਦਾ ਫ਼ਕੀਰ ਨਾ  
ਜਿਵੇਂ ਨਦੀ ਨਾਲੇ, ਸਭ ਵਗਦੇ ਨੇ ਇੱਕ ਚਾਲੇ  
ਨਦੀਆਂ ਦਾ ਵੇਖਿਆ, ਖਲੋਤਾ ਕਦੇ ਨੀਰ ਨਾ  
ਜੰਗ ਦੇ ਮੈਦਾਨ ਵਿੱਚ, ਯੋਧੇ ਜਦੋਂ ਫੜੀ ਹੋਵੇ  
ਹੱਥ ਚੁ ਅਟਕ ਜਾਵੇ, ਹੁੰਦੀ ਸ਼ਮਸ਼ੀਰ ਨਾ  
ਇੱਕ ਵਾਰੀ ਯੋਧਾ ਜਦੋਂ, ਸਾਧਕੇ ਚਲਾਂਵਦਾ ਏ  
ਨਿਕਲ ਕਮਾਨੋਂ ਕਦੇ, ਮੁੜਦਾ ਏ ਤੀਰ ਨਾ  
ਪੁਲ ਥੱਲਿਓ ਦੀ ਜਿਹੜਾ, ਲੰਘ ਜਾਏ ਇੱਕ ਵਾਰੀ  
ਆਖਦੇ ਸਿਆਣੇ ਕਦੇ, ਮੁੜਦਾ ਉਹ ਨੀਰ ਨਾ  
ਕਹੇ ਗੁਰਸੇਵਕ, ਨੀ ਜੋਗੀ ਵਾਲੀ ਫੇਰੀ ਸਾਡੀ  
ਸੁੰਦਰਾਂ ਤੂੰ ਸਾਡੇ ਪਿੱਛੇ, ਹੋਈਂ ਦਿਲਗੀਰ ਨਾ

ਜਦੋਂ ਕੋਈ ਪੇਸ਼ ਨਾ ਗਈ ਰਾਣੀ ਸੁੰਦਰਾਂ ਨੇ ਪੂਰਨ ਦੇ ਚਰਨ ਫੜ ਲਏ ਤੇ ਮਾਯੂਸ ਹੋ ਕੇ ਕਹਿਣ ਲੱਗੀ । ਵੇ ਜੋਗੀਆ ਆਪਣਾ ਨਾਮ ਦੱਸਦੇ । ਆਪਣਾ ਟਿਕਾਣਾ ਦੱਸ ਦੇ । ਮੈਂ ਓਥੇ ਜਾਕੇ ਤੇਰੇ ਦਰਸ਼ਨ ਕਰ ਆਇਆ ਕਰਾਂਗੀ । ਰਾਣੀ ਤੇ ਤਰਸ ਕਰਕੇ ਪੂਰਨ ਆਪਣਾ ਨਾਮ ਪਤਾ ਇਸ ਤਰਾਂ ਬਿਆਨ ਕਰਦਾ ਹੈ ।



Sri Satguru Jagjit Singh Ji eLibrary NamdhariElibrary@gmail.com

## ਦੋਤਾਰਾ ਛੰਦ 14

1. ਜੋਗੀ ਨੇ ਹੱਥ ਜੋੜੇ ਨੀ ਸੁੰਦਰਾਂ ਸੁਣ ਲੈ ਬਿਨੈ ਹਮਾਰੀ
ਉਹ ਜੱਗ ਨੂੰ ਜਿੱਤ ਲੈਂਦਾ ਨੀ ਜੀਹਦੀ ਨਾਲ ਗੁਰੂ ਦੇ ਯਾਰੀ
ਪਾ ਫੇਰੀ ਤੁਰ ਜਾਣਾ ਨੀ ਜੱਗ ਤੇ ਚਾਰ ਦਿਨਾਂ ਦਾ ਮੇਲਾ
ਪੂਰਨ ਹੈ ਨਾਂ ਮੇਰਾ ਰਾਣੀਏ ਮੈਂ ਗੋਰਖ ਦਾ ਚੇਲਾ

2. ਚਰਨਾਂ ਵਿੱਚ ਥਾਂ ਦਿੱਤਾ ਨੀ ਮੇਰੇ ਕੰਨ ਓਸਨੇ ਪਾੜੇ
ਗੋਰਖ ਦੇ ਟਿੱਲੇ ਤੇ ਨੀ ਸੁੰਦਰਾਂ ਪੂਰਨ ਕੱਟੇ ਦਿਹਾੜੇ
ਨਾ ਥਾਂ ਕੋਈ ਜੋਗੀ ਦੀ ਨੀ ਭਾਉਂਦੇ ਫਿਰਦੇ ਜੰਗਲ ਬੇਲਾ
ਪੂਰਨ ਹੈ ਨਾਂ ਮੇਰਾ ਰਾਣੀਏ ਮੈਂ ਗੋਰਖ ਦਾ ਚੇਲਾ

3. ਜੋ ਮੁਰਸ਼ਦ ਮੇਰਾ ਨੀ ਉਹ ਤਾਂ ਹੈ ਪੀਰਾਂ ਦਾ ਪੀਰ
ਕਰਮਾਂ ਦੇ ਮਾਰਿਆ ਦੀ ਉਹ ਤਾਂ ਬਦਲ ਦੇਵੇ ਤਕਦੀਰ
ਲੱਖਾਂ ਨੇ ਲੱਗ ਚਰਨੀਂ ਨੀ ਕੀਤਾ ਆਪਣਾ ਜਨਮ ਸੁਹੇਲਾ
ਪੂਰਨ ਹੈ ਨਾਂ..................................?

4. ਉਹ ਪ੍ਰੀਤਮ ਮੇਰਾ ਈ ਨੀ ਮੇਰੇ ਮਨ ਦੇ ਮੰਦਰ ਵੱਸੇ
ਭਵਜਲ ਚੋਂ ਪਾਰ ਕਰੇ ਨੀ ਸੰਗਲ ਜਨਮ ਮਰਣ ਦੇ ਕੱਟੇ
ਹੁੰਦੇ ਉਸਦੀ ਨਜ਼ਰ ਵਿੱਚੋਂ ਥੋੜੇ ਪਾਸ ਤੇ ਬਹੁਤੇ ਫੇਲ੍ਹਾ
ਪੂਰਨ ਹੈ ਨਾਂ.................................?



Sri Satguru Jagjit Singh Ji eLibrary NamdhariElibrary@gmail.com

5. ਇਹ ਤਾਕਤ ਫ਼ੱਕਰ ਦੀ ਧਰਤੀ ਅਤੇ ਅਕਾਸ਼ ਹਿਲਾਵੇ
ਮਰਕੇ ਮੁਰੀਦ ਹੋਵੇ ਤਾਂ ਫਿਰ ਉੱਚ ਮਰਤਬਾ ਪਾਵੇ
ਹੋ ਕੇ ਤਿਆਗੀ ਤੇ ਛੱਡੇ ਦੁਨੀਆਂ ਵਾਲਾ ਝਮੇਲਾ
ਪੂਰਨ ਹੈ ਨਾਂ................................?

6. ਭਿੱਖਿਆ ਹਾਂ ਮੰਗਦੇ ਨੀ ਸਾਡੇ ਕੋਲ ਰਾਣੀਏ ਝੋਲਾ
ਹੈ ਯਾਰ ਗਰੀਬਾਂ ਦਾ ਨੀ ਸਾਨੂੰ ਰੱਖਣ ਵਾਲਾ ਮੌਲਾ
ਮੰਗਤੇ ਹੈ ਸਾਰੇ ਹੀ ਦੇਵੇ ਸਭ ਨੂੰ ਇੱਕ ਇਕੇਲਾ
ਪੂਰਨ ਹੈ ਨਾਂ................................?

7. ਗੁਰਸੇਵਕ, ਉਹਦਾ ਹਾਂ ਗੁਰੂ ਦੀ ਸੇਵਾ ਕੀਤੀ ਭਾਰੀ
ਗੋਰਖ ਦੇ ਚਰਨਾਂ ਚੁ ਰਾਣੀਏ ਉਮਰ ਬਤਾਵਾ ਸਾਰੀ
ਚੰਗਾ ਹੁਣ ਚਲਦਾ ਹਾਂ ਨੀ ਕਿਤੇ ਹੋ ਨਾ ਜਾਏ ਕੁਵੇਲਾ
ਪੂਰਨ ਹੈ ਨਾ ਮੇਰਾ ਰਾਣੀਏ ਮੈਂ ਗੋਰਖ ਦਾ ਚੇਲਾ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ ਨੰ. 15

ਰਾਣੀ ਸੁੰਦਰਾਂ ਕੋਲੋ ਹੀਰੇ ਮੋਤੀਆਂ ਦੀ ਭੇਟ ਲੈ ਕੇ ਪੂਰਨ ਵਾਪਸ ਆਉਂਦਾ ਹੈ। ਹੀਰੇ ਮੋਤੀਆਂ ਦੀ ਭੇਟ ਵੇਖਕੇ ਗੁਰੂ ਗੋਰਖ ਨੇ ਪੂਰਨ ਨੂੰ ਆਖਿਆ । ਹੇ ਬੇਟਾ, ਹੀਰੇ ਜਵਾਹਰਾਤ, ਸੋਨਾ ਚਾਂਦੀ, ਦੁਨਿਆਵੀ ਦੌਲਤਾਂ ਸਾਡੇ ਲਈ ਵਿਅਰਥ ਹਨ । ਸਾਨੂੰ ਸਭ ਤੋਂ ਉੱਚੀ ਫ਼ਕੀਰੀ ਦੀ ਦੌਲਤ ਆਪ ਪ੍ਰਭੂ ਨੇ ਬਖ਼ਸੀ ਹੈ । ਏਸ ਤੋਂ ਉਪਰ ਹੋਰ ਕੋਈ ਵੀ ਦੌਲਤ ਨਹੀਂ । ਜਾਹ ਇਹਨਾਂ ਵਸਤੂਆਂ ਨੂੰ ਮੋੜ ਆ ਅਤੇ ਖਾਣ ਵਾਸਤੇ ਭੋਜਨ ਲੈ ਕੇ ਆ । ਪੂਰਨ ਵਾਪਸ ਰਾਣੀ ਸੁੰਦਰਾਂ ਦੇ ਦਵਾਰ ਤੇ ਗਿਆ । ਤੇ ਕਿਹਾ ਰਾਣੀ ਗੁਰੂ ਨੇ ਹੁਕਮ ਕੀਤਾ ਹੈ ਖਾਣ ਵਾਲਾ ਭੋਜਨ ਚਾਹੀਦਾ ਹੈ । ਇਹ ਵਸਤੂਆਂ ਵਾਪਸ ਲੈ ਲਵੋ । ਭੋਜਨ ਤਿਆਰ ਕਰਕੇ ਰਾਣੀ ਸੁੰਦਰਾਂ ਪੂਰਨ ਦੇ ਨਾਲ ਗੋਰਖ ਦੇ ਟਿੱਲੇ ਤੇ ਆਉਂਦੀ ਹੈ । ਗੁਰੂ ਗੋਰਖ ਰਾਣੀ ਸੁੰਦਰਾਂ ਦੀ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੋ ਜਾਂਦੇ ਹਨ । ਤੇ ਸੁੰਦਰਾਂ ਨੂੰ ਵਰ ਮੰਗਣ ਲਈ ਆਖਦੇ ਹਨ । ਸੁੰਦਰਾਂ ਕੀ ਵਰ ਮੰਗਦੀ ਹੈ ਕਵੀ ਦੀ ਕਲਮ ਇਸ ਤਰਾਂ ਬਿਆਨ ਕਰਦੀ ਹੈ ।

ਕਬਿੱਤ :- ਸੁੰਦਰਾਂ ਨਿਹਾਰਦੀ ਹੈ, ਝਾਤੀ ਜਦੋਂ ਮਾਰਦੀ ਹੈ
ਦਿਲ ਓਹਦਾ ਪੂਰਨ ਤੇ, ਹੋਇਆ ਬੇਈਮਾਨ ਆ
ਪ੍ਰੇਮ ਨਦੀ ਵਹਿਣ ਲੱਗੀ, ਗੋਰਖ ਨੂੰ ਕਹਿਣ ਲੱਗੀ
ਆਖਦੀ ਗੁਰੂ ਜੀ, ਮੈਨੂੰ ਦੇਵੋ ਵਰਦਾਨ ਆ
ਪ੍ਰੀਤਮ ਪਿਆਰੇ ਬਿਨਾ, ਰਾਜ ਦੁਲਾਰੇ ਬਿਨਾਂ
ਮਨ ਮੇਰਾ ਮਸਤ – ਮਲੰਗ ਪਰੇਸ਼ਾਨ ਆ



Sri Satguru Jagjit Singh Ji eLibrary NamdhariElibrary@gmail.com

ਮਾਹੀ ਬਿਨਾ ਊਣੀ ਹੋਈ, ਪ੍ਰੀਤ ਵਿਹੂਣੀ ਹੋਈ
ਮੱਛੀ ਵਾਂਗੂ ਪਈ ਮੇਰੀ, ਤੜਫ਼ਦੀ ਜਾਨ ਆ
ਬੈਠਾ ਤੇਰੇ ਕੋਲ ਜੋਗੀ, ਕਿੰਨਾ ਅਨਭੋਲ ਜੋਗੀ
ਮੇਰਾ ਇਹਦੇ ਵੱਲ ਸਾਰਾ, ਲੱਗਿਆ ਧਿਆਨ ਆ
ਕਹੇ, ਗੁਰਸੇਵਕ, ਮੈਂ ਸੱਚ ਦੱਸਾਂ ਗੋਰਖ ਜੀ
ਪੂਰਨ ਪਿਆਰੇ ਵਿੱਚ ਮੁਝ ਦੇ ਪ੍ਰਾਣ ਆ

ਰਾਣੀ ਸੁੰਦਰਾਂ ਨੇ ਪੂਰਨ ਨੂੰ ਗੁਰੂ ਗੋਰਖ ਕੋਲੋ ਮੰਗ ਲਿਆ । ਪੂਰਨ ਨੇ ਆਖਿਆ ਗੁਰੂ ਜੀ ਮੈਂ ਤੁਹਾਡੇ ਚਰਨਾਂ ਤੋਂ ਦੂਰ ਨਹੀਂ ਰਹਿਣਾ ਚਾਹੁੰਦਾ । ਗੋਰਖ ਨੇ ਆਖਿਆ ਬੇਟਾ ਇਹ ਸਾਡਾ ਹੁਕਮ ਹੈ, ਗੁਰੂ ਦਾ ਬਚਨ ਮੰਨਕੇ ਪੂਰਨ ਸੁੰਦਰਾਂ ਨਾਲ ਤੁਰ ਪਿਆ । ਰਾਣੀ ਸੁੰਦਰਾਂ ਆਪਣਾ ਮਨ ਇੱਛਤ ਵਰ ਪਾ ਕੇ ਗੁਰੂ ਗੋਰਖ ਦਾ ਵਾਰ ਵਾਰ ਸ਼ੁਕਰਾਨਾ ਇਸ ਤਰ੍ਹਾਂ ਕਰਦੀ ਹੈ ।

ਕਬਿੱਤ :- ਗੋਰਖ ਗੁਰੂ ਦੇ ਕੋਲੋਂ, ਹਾਥ ਜੋੜ ਪ੍ਰੇਮ ਸਾਥ
ਪ੍ਰੀਤਮ ਪਿਆਰਾ, ਮੰਗ ਲੈਗੀ ਰਾਣੀ ਸੁੰਦਰਾਂ
ਪਿੱਛੇ ਨੂੰ ਪਰਤ ਫੇਰ, ਵੇਖਿਆ ਨਾ ਇੱਕ ਪਲ
ਰਾਹੇ ਰਾਹੇ ਆਪਣੇ ਸੀ, ਪੈ ਗਈ ਰਾਣੀ ਸੁੰਦਰਾਂ
ਪੂਰਨ ਨੂੰ ਪਾ ਕੇ ਉਹਨੂੰ, ਖੁਸ਼ੀ ਸੀ ਘਨੇਰੀ ਹੋਈ
ਪ੍ਰੇਮ ਦਿਆਂ ਵਹਿਣਾ ਵਿੱਚ, ਵਹਿਗੀ ਰਾਣੀ ਸੁੰਦਰਾਂ
ਕਹੇ, ਢਿਲੋਂ ਕਵੀ, ਸੁਕਰਾਨਾਂ ਕਰਾਂ ਗੋਰਖ ਦਾ
ਜਾਂਦੀ ਜਾਂਦੀ ਇਹ ਗੱਲ, ਕਹਿਗੀ ਰਾਣੀ ਸੁੰਦਰਾਂ

ਪੂਰਨ ਨੂੰ ਨਾਲ ਲੈ ਕੇ ਰਾਣੀ ਸੁੰਦਰਾਂ ਆਪਣੇ ਮਹਿਲਾਂ ਵਿੱਚ ਆਈ । ਕਵੀ ਕਾਲੀਦਾਸ ਜੀ ਨੇ ਲਿਖਿਆ ਹੈ । ਸੱਤ ਦਿਨ ਪੂਰਨ ਰਾਣੀ ਸੁੰਦਰਾਂ ਦੇ ਮਹਿਲਾਂ ਵਿੱਚ ਰਿਹਾ । ਰਾਣੀ ਸੁੰਦਰਾਂ ਨੂੰ ਖੁਸ਼ੀ ਵੀ ਹੈ ਪਰ ਦੁੱਖ ਇਸ ਗੱਲ ਦਾ ਹੈ ਕਿ



Sri Satguru Jagjit Singh Ji eLibrary NamdhariElibrary@gmail.com

ਪੂਰਨ ਜਦੋਂ ਦਾ ਮਹਿਲਾਂ ਵਿੱਚ ਆਇਆ ਹੈ । ਉਸਦੇ ਚਿਹਰੇ ਉਤੇ ਉਦਾਸੀ ਹੀ ਉਦਾਸੀ ਹੈ । ਕਿਉਂ ਕਿ ਉਸ ਕੋਲੋ ਗੁਰੂ ਦਾ ਵਿਛੋੜਾ ਝੱਲਿਆ ਨਹੀਂ ਜਾ ਰਿਹਾ । ਇੱਕ ਦਿਨ ਰਾਣੀ ਸੁੰਦਰਾਂ ਨਾਲ ਸੈਰ ਕਰਨ ਦੇ ਬਹਾਨੇ ਪੂਰਨ ਮਹਿਲਾਂ ਚੋਂ ਬਾਹਰ ਆਉਂਦਾ ਹੈ । ਸੈਰ ਕਰਦਿਆ ਰਾਣੀ ਸੁੰਦਰਾਂ ਤੋਂ ਵੱਖ ਹੋਣ ਲਈ ਪੂਰਨ ਨੇ ਜੰਗਲ ਜਾਣ ਦਾ ਬਹਾਨਾ ਬਣਾ ਲਿਆ । ਏਸੇ ਬਹਾਨੇ ਹੀ ਪੂਰਨ ਭੱਜਕੇ ਆਪਣੇ ਗੁਰੂ ਗੋਰਖ ਕੋਲ ਆਣ ਪੁੱਜਾ ਜਿਹੜੀਆਂ ਗੋਲੀਆਂ ਨੂੰ ਰਾਣੀ ਸੁੰਦਰਾਂ ਨੇ ਪੂਰਨ ਦੀ ਰਾਖੀ ਵਾਸਤੇ ਭੇਜਿਆ ਸੀ । ਉਹ ਆਣਕੇ ਪੂਰਨ ਦੇ ਜਾਣ ਦਾ ਸਾਰਾ ਹਾਲ ਇਸ ਤਰਾਂ ਦੱਸਦੀਆਂ ਹਨ ।

ਕਬਿੱਤ :- ਗੋਲੀਆਂ ਨੇ ਆ ਕੇ, ਰਾਣੀ ਸੁੰਦਰਾਂ ਨੂੰ ਦੱਸਿਆ ਏ
ਪੂਰਨ ਪਿਆਰਾ ਤੈਨੂੰ, ਛੱਡ ਗਿਆ, ਛੱਡ ਗਿਆ
ਸੁੰਦਰ ਸੁਸ਼ੀਲ ਜਾਣ, ਸੰਗੀ ਸੀ ਬਣਾਇਆ ਜੀਹਨੂੰ
ਚੋਰਾਂ ਵਾਂਗੂ ਚੋਰੀ ਚੋਰੀ, ਭੱਜ ਗਿਆ, ਭੱਜ ਗਿਆ
ਤੇਰੇ ਨਾਲ ਮੋਹ ਨਾ, ਉਹਨੂੰ, ਰੱਬ ਦਾ ਭਗਤ ਹੈ ਉਹ
ਰਾਣੀਏ ਨੀ ਤੈਨੂੰ ਉਹ, ਤਜ ਗਿਆ, ਤਜ ਗਿਆ
ਮਹਿਲ ਤੇ ਨਗਰ ਵਿੱਚ, ਦੁਨੀਆਂ ਸਗਰ ਵਿੱਚ
ਢੋਲ ਉਹਦੇ ਜਾਣ ਵਾਲਾ, ਵੱਜ ਗਿਆ, ਵੱਜ ਗਿਆ
ਜਿਹੜੀ ਮਾਲਾ ਵਾਲਾ ਉਹ ਸੀ, ਮਨ ਮੋਹਣਾ ਮਨਕਾ ਨੀ
ਓਸੇ ਮਾਲਾ ਵਿੱਚ ਓਹ, ਸੱਜ ਗਿਆ, ਸੱਜ ਗਿਆ
ਕਹੇ, ਗੁਰਸੇਵਕ ਉਹ, ਚਲਾ ਗਿਆ ਗੁਰੂ ਕੋਲ
ਗੋਰਖ ਦੇ ਚਰਨਾਂ ਨਾ ਲੱਗ ਗਿਆ, ਲੱਗ ਗਿਆ

ਪੂਰਨ ਦੇ ਜਾਣ ਵਾਲੀ ਗੱਲ ਸੁਣਕੇ ਰਾਣੀ ਬਿਰਹੋ ਦੀ ਅੱਗ ਵਿੱਚ ਸੜਨ ਲੱਗੀ । ਵਿਛੋੜੇ ਦੀ ਪੀੜ ਨਾਲ ਬੇਹਾਲ ਹੋ ਗਈ । ਪੂਰਨ ਨੂੰ ਯਾਦ ਕਰਕੇ



Sri Satguru Jagjit Singh Ji eLibrary NamdhariElibrary@gmail.com

ਹਉਕੇ ਭਰਦੀ ਹੈ । ਹੰਝੂ ਵਹਾਉਂਦੀ ਹੈ । ਸੁੰਦਰਾਂ ਦੇ ਮਨ ਦੀ ਵੇਦਨਾਂ ਨੂੰ ਕਵੀ ਆਪਣੀ ਕਵਿਤਾ ਦੁਆਰਾ ਇਸ ਤਰਾਂ ਬਿਆਨ ਕਰਦਾ ਹੈ ।

ਕਬਿੱਤ :- ਪੂਰਨ ਪਿਆਰਾ ਜਦੋਂ, ਤੁਰਿਆ ਤਿਆਗ ਉਹਨੂੰ
ਦੁੱਖਾਂ ਦਿਆਂ ਵਹਿਣਾ ਵਿੱਚ, ਵਹਿਗੀ ਰਾਣੀ ਸੁੰਦਰਾਂ
ਦਿਲ ਚੂਰੋ ਚੂਰ ਹੋਇਆ, ਦੁੱਖ ਭਰਪੂਰ ਹੋਇਆ
ਸੋਚਾਂ ਦੇ ਸਮੁੰਦਰਾਂ ਚੁ, ਪੈ ਗਈ ਰਾਣੀ ਸੁੰਦਰਾਂ
ਛਮ ਛਮ ਨੈਣਾਂ ਵਿੱਚੋਂ, ਹੰਝੂਆਂ ਨੇ ਝੜੀ ਲਾਈ
ਮੱਥਾਂ ਫੜ ਆਪਣਾ ਸੀ, ਬਹਿਗੀ ਰਾਣੀ ਸੁੰਦਰਾਂ
ਕਹੇ, ਗੁਰਸੇਵਕ, ਉਹ ਦੁੱਖੀ ਅਧਮੋਈ ਹੋਈ
ਹਾਰਕੇ ਦੁੱਖਾਂ ਦੇ ਵੱਸ, ਪੈ ਗਈ ਰਾਣੀ ਸੁੰਦਰਾਂ

ਰਾਣੀ ਸੁੰਦਰਾਂ ਪੂਰਨ ਦੀ ਯਾਦ ਵਿੱਚ ਐਸਾ ਲੀਨ ਹੋਈ ਕਿ ਹਰ ਜਗ੍ਹਾ ਉਸਨੂੰ ਪੂਰਨ ਹੀ ਨਜ਼ਰ ਆਉਣ ਲੱਗਾ । ਦੁਖੀ ਹਿਰਦੇ ਵਿੱਚੋ ਦੁੱਖ ਭਰੇ ਸ਼ਬਦ ਇਓਂ ਪ੍ਰਗਟ ਕਰਦੀ ਹੈ ।

ਕਬਿੱਤ :- ਸੁੰਦਰਾਂ ਵਿਯੋਗਣ, ਤੇ ਰੋਗਣ ਸੀ ਹੋਈ ਹੋਈ
ਦੁੱਖੜੇ ਦਿਲਾਂ ਦੇ ਕਿਵੇਂ, ਜਰਜਾਂਗੀ ਪੂਰਨਾਂ
ਸੁਣ ਗੱਲ ਮਿੱਤ ਮੇਰੀ, ਤੇਰੇ ਨਾਲ ਜਿੱਤ ਮੇਰੀ
ਜਗਤ ਬਾਜ਼ਾਰ ਵਿੱਚ, ਹਰਜਾਂਗੀ ਪੂਰਨਾਂ
ਜੀਵਨ ਦੇ ਨਾਲੋ ਮੈਨੂੰ, ਮਰਨਾਂ ਚੰਗੇਰਾ ਲੱਗੇ
ਤੇਰਿਆ ਵਿਛੋੜਿਆ ਚੁ, ਖਰਜਾਂਗੀ ਪੂਰਨਾਂ
ਕਹੇ, ਢਿਲੋਂ ਕਵੀ, ਜਿਵੇਂ, ਜਲ ਬਿਨਾ ਮੱਛੀ ਮਰੇ
ਤੜਫ਼ ਤੜਫ਼ਕੇ ਤੇ, ਮਰਜਾਂਗੀ ਪੂਰਨਾਂ



Sri Satguru Jagjit Singh Ji eLibrary NamdhariElibrary@gmail.com

ਕਵੀ ਕਾਲੀਦਾਸ ਲਿਖਦਾ ਹੈ ਕਿ ਸੁੰਦਰਾਂ ਪੂਰਨ ਦੇ ਵਿਛੋੜੇ ਦੀ ਤੜਫ਼ ਨਾ ਸਹਾਰਦੀ ਹੋਈ ਮਹੱਲ ਤੋਂ ਛਾਲ ਮਾਰਕੇ ਆਪਣੇ ਪ੍ਰਾਣ ਤਿਆਗ ਦਿੰਦੀ ਹੈ ।

"ਹਾੜੇ ਕਰਦਿਆ ਸੁੰਦਰਾਂ ਨਾਲ ਦੁਖਿਆਰ ਮਰ ਗਈ ਮਾਰ ਮਹੱਲ ਤੋਂ ਛਾਲ ਐਵੇਂ,

ਕਵੀ ਕਾਦਰ ਯਾਰ ਵੀ ਲਿਖਦਾ ਹੈ "

"ਪੂਰਨ ਨਜ਼ਰ ਨਾ ਆਂਵਦਾ ਸੁੰਦਰਾਂ ਨੂੰ
ਰਾਣੀ ਰੰਗ ਮਹੱਲ ਤੋਂ ਡਿੱਗ ਮੋਈ"
"ਕਾਦਰਯਾਰ ਕੀ ਕਹਾਂ ਉਸ ਵੇਲੜੇ ਨੂੰ
ਜਿਸ ਵੇਲੜੇ ਸੀ ਇਹ ਗੱਲ ਹੋਈ"

ਰਾਣੀ ਨੇ ਪੂਰਨ ਦੇ ਵਿਯੋਗ ਵਿੱਚ ਪ੍ਰਾਣ ਤਿਆਗ ਦਿੱਤੇ । ਉਸ ਵੇਲੇ ਦੇ ਸੀਨ ਨੂੰ ਕਵੀ ਦੀ ਕਲਮ ਇੰਝ ਬਿਆਨ ਕਰਦੀ ਹੈ ।



Sri Satguru Jagjit Singh Ji eLibrary NamdhariElibrary@gmail.com

## ਦੋਤਾਰਾ ਛੰਦ 15

1. ਪੂਰਨ ਜਦ ਛੱਡ ਤੁਰਿਆ ਰਾਣੀ ਭੁੱਬ ਮਾਰਕੇ ਰੋਈ
ਨੈਣਾਂ ਚੋਂ ਨੀਰ ਵਗੇ ਉਹਦੀ ਪੇਸ਼ ਨਾ ਜਾਵੇ ਕੋਈ
ਬਿਰਹਾ ਨੇ ਤੰਗ ਕੀਤਾ ਉਹਦੇ ਸੀਨੇ ਫਿਰੀ ਕਟਾਰੀ
ਪੂਰਨ ਦਾ ਨਾਂ ਲੈ ਕੇ ਸੁੰਦਰਾਂ ਛਾਲ ਮਹਿਲ ਤੋਂ ਮਾਰੀ

2. ਬਿਰਹਾ ਦਾ ਸੱਪ ਲੜਿਆ ਉਹਦਾ ਰੂਪ ਹੋ ਗਿਆ ਨੀਲਾ
ਤਨ ਪਿੰਜਰ ਹੱਡੀਆਂ ਦਾ ਹੋਇਆ ਸੁੱਕ ਸੁੱਕ ਕੇ ਤੀਲਾ
ਜੋਗੀ ਸਿਰ ਚੜਕੇ ਤੇ ਹੈ ਸੀ ਜਾਨ ਜੋਗਣੇ ਵਾਰੀ
ਪੂਰਨ ਦਾ ਨਾਂ ਲੈ ਕੇ..............................?

3. ਪਿਆਰੇ ਦੀ ਖ਼ਾਤਰ ਤਾਂ ਵੇਖੇ ਆਸ਼ਕ ਸੂਲੀ ਚੜਦੇ
ਪਰਵਾਨੇ ਸਮਾਂ ਉਤੇ ਵੇਖੇ ਹੱਸ ਹੱਸ ਕੇ ਸੜਦੇ
ਕਈ ਖੱਲ ਲੁਹਾਕੇ ਵੀ ਜਾਂਦੇ ਹਰਦਮ ਸ਼ੁਕਰ ਗੁਜਾਰੀ
ਪੂਰਨ ਦਾ ਨਾਂ ਲੈ ਕੇ..............................?

4. ਹੋਣੀ ਦੇ ਅੱਗੇ ਜੀ ਨਾ ਕੋਈ ਸੰਤ ਸੂਰਮਾ ਅੜਿਆ
ਇੱਕ ਦਿਨ ਤਾਂ ਭੱਜਣਾ ਏ ਜਿਹੜਾ ਬੁੱਤ ਮਿੱਟੀ ਦਾ ਘੜਿਆ
ਰਿਸ਼ਤੇ ਤੇ ਨਾਤੇ ਜੀ ਛੁੱਟਣੀ ਇੱਕ ਦਿਨ ਰਿਸ਼ਤੇਦਾਰੀ
ਪੂਰਨ ਦਾ ਨਾਂ ਲੈ ਕੇ..............................?



Sri Satguru Jagjit Singh Ji eLibrary NamdhariElibrary@gmail.com

5. ਵੱਸ ਪਿਆ ਕਸਾਈਆਂ ਦੇ ਬੱਕਰਾ ਕਿੱਦਾਂ ਖੈਰ ਮਨਾਵੇ
ਨਲਨੀ ਵਿੱਚ ਤੋਤਾ ਜੀ ਕਿੱਦਾਂ ਆਪਣੀ ਜਾਨ ਬਚਾਵੇ
ਆ ਹਾਵੀ ਹੋਣੀ ਏ ਇੱਕ ਦਿਨ ਸਭ ਤੇ ਮੌਤ ਹਤਿਆਰੀ
ਪੂਰਨ ਦਾ ਨਾਂ ਲੈ ਕੇ............................?

6. ਵਰ ਮੰਗੇ ਪਾਪੀ ਨੇ ਨਾ ਮੈਂ ਬਾਹਰ ਮਰਾਂ ਨਾਂ ਅੰਦਰ
ਹਰਨਾਖਸ਼ ਵਰਗੇ ਵੀ ਤੁਰ ਗਏ ਕਾਰੂ ਅਤੇ ਸਕੰਦਰ
ਰਾਵਣ ਬਲਵਾਨ ਬੜਾ ਤੁਰ ਗਏ ਕਈ ਜੋਗੀ ਜਟਧਾਰੀ
ਪੂਰਨ ਦਾ ਨਾਂ ਲੈ ਕੇ.............................?

7. ਸੁੰਦਰਾਂ ਦੇ ਕਿੱਸੇ ਨੂੰ ਸਿਰਜੇ, ਸੇਵਕ ਸਿੰਘ, ਸੁਨਾਵੇ
ਕਰਮਾਂ ਦੇ ਲੇਖ ਲਿਖੇ ਦੱਸੋ ਕਿਹੜਾ ਜੋ ਉਲਟਾਵੇ
ਸਭ ਪੀਰ ਪੈਗੰਬਰ ਵੀ ਛੱਡ ਗਏ ਸਾਰੇ ਦੁਨੀਆਂ ਦਾਰੀ
ਪੂਰਨ ਦਾ ਨਾ ਲੈ ਕੇ ਸੁੰਦਰਾਂ ਛਾਲ ਮਹਿਲ ਤੋਂ ਮਾਰੀ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 16

ਰਾਣੀ ਸੁੰਦਰਾਂ ਨੂੰ ਤਿਆਗਕੇ ਪੂਰਨ ਜਦੋਂ ਗੁਰੂ ਕੋਲ ਆਇਆ ਤਾਂ । ਗੁਰੂ ਨੇ ਕਿਹਾ ਪੂਰਨਾਂ ਤੇਰੇ ਵਿਛੋੜੇ ਵਿੱਚ ਰਾਣੀ ਸੁੰਦਰਾਂ ਨੇ ਮਹਿਲ ਤੋਂ ਛਾਲ ਮਾਰਕੇ ਆਪਣੇ ਪ੍ਰਾਣ ਤਿਆਗ ਦਿੱਤੇ ਹਨ । ਓਸ ਦਾ ਅਪਰਾਧ ਤੇਰੇ ਸਿਰ ਆਵੇਗਾ । ਓਸਦੀ ਹੱਤਿਆ ਦਾ ਪਾਪ ਉਤਾਰਨ ਵਾਸਤੇ ਹਵਨ ਜਗ ਕਰਨੇ ਪੈਣਗੇ ਤੀਰਥਾਂ ਤੇ ਇਸ਼ਨਾਨ ਕਰਨਾ ਪਵੇਗਾ । ਜਪ ਤਪ ਕਰਨੇ ਪੈਣਗੇ । ਗੁਰੂ ਗੋਰਖ ਨੇ ਪੂਰਨ ਨੂੰ ਦੂਜੀ ਗੱਲ ਕਹਿੰਦਿਆ ਆਖਿਆ ਤੇਰੀ ਮਾਂ ਤੇਰੀ ਯਾਦ ਵਿੱਚ ਬੇਹਾਲ ਹੋ ਰਹੀ ਹੈ । ਦਿਨ ਰਾਤ ਵਾਸਤੇ ਤਰਲੇ ਪਾਉਂਦੀ ਹੈ । ਜਾਹ ਤੂੰ ਉਸਦਾ ਦੁੱਖ ਦੂਰ ਕਰ ਜੇ ਤੇਰੇ ਜਿਊਂਦੇ ਦੇ ਹੀ ਵਿਯੋਗ ਵਿੱਚ ਰੋ ਰੋ ਕੇ ਤੇਰੀ ਮਾਂ ਮਰ ਗਈ ਤਾਂ ਉਸਦਾ ਪਾਪ ਤੇਰੇ ਸਿਰੋਂ ਕਦੇ ਨਹੀਂ ਉਤਰੇਗਾ ।

ਕਬਿੱਤ :- ਗੋਰਖ ਗੁਰੂ ਨੇ ਫੇਰ, ਹੁਕਮ ਸੁਨਾਇ ਦਿੱਤਾ
ਪੂਰਨਾਂ ਤੂੰ ਆਪਣੇ, ਨਗਰ ਵਿੱਚ ਜਾਂਈਂ ਵੇ
ਇੱਛਰਾਂ ਪਿਆਰੀ ਜਾਵੇ, ਤੇਰੇ ਉਤੋਂ ਵਾਰੀ ਵਾਰੀ
ਧਰਮੀਂ ਏ ਮਾਤਾ, ਜਾਕੇ ਪੈਰੀ ਹੱਥ ਲਾਂਈਂ ਵੇ
ਸਾਧ ਦਾ ਧਰਮ ਹੁੰਦਾ, ਦਿਲ ਦਾ ਨਰਮ ਹੁੰਦਾ
ਸਿਆਲਕੋਟ ਜਾਂਦਿਆਂ ਨਾ, ਐਵੇਂ ਸਰਮਾਂਈਂ ਵੇ
ਕਹੇ, ਗੁਰਸੇਵਕ, ਤੂੰ ਨਰ ਨਾਰ ਘਰ ਬਾਹਰ
ਸਭਨਾਂ ਜੀਆਂ ਚੁ, ਨਾਮ ਦਾਤ ਵਰਤਾਂਈਂ ਵੇ

ਗੋਰਖ ਗੁਰੂ ਦਾ ਹੁਕਮ ਮੰਨ ਕੇ ਪੂਰਨ ਸਿਆਲਕੋਟ ਦੀ ਜੂਹ ਅੰਦਰ ਦਾਖਲ ਹੋਇਆ । ਆਪਣੇ ਸੁੱਕੇ ਬਾਗ ਵਿੱਚ ਡੇਰਾ ਲਾ ਲਿਆ । ਇਸ ਦ੍ਰਿਸ਼ ਨੂੰ ਕਵੀ ਆਪਣੀ ਮਨੋਹਰ ਕਵਿਤਾ ਦੁਆਰਾ ਬਿਆਨ ਕਰਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਕਬਿੱਤ :- ਗੁਰੂ ਗੋਰਖ ਦਾ ਜਦੋਂ, ਪਾ ਲਿਆ ਹੁਕਮ ਵੱਡਾ
ਪੂਰਨ ਪਿਆਰਾ ਹੈ, ਸਿਆਲਕੋਟ ਆਂਵਦਾ
ਆਂਵਦਾ ਸਿਆਲਕੋਟ, ਲਾਂਵਦਾ ਹੈ ਡੇਰਾ ਭਾਈ
ਆਸੇ ਪਾਸੇ ਸਾਰੇ ਨਿਗ੍ਹਾ, ਭਰਕੇ ਤਕਾਂਵਦਾ
ਤੱਕਦਾ ਏ ਜਦੋਂ ਸੁੱਕੇ, ਬਾਗ ਵੱਲ, ਪਲ ਪਲ
ਸੁੱਕਾ ਹੋਇਆ ਬਾਗ ਸਾਰਾ, ਹਰਾ ਹੋਇ ਜਾਂਵਦਾ
ਧੰਨ ਹੈ ਕਮਾਈ, ਮੱਚੀ ਸ਼ਹਿਰ ਚੁ ਦੁਹਾਈ, ਭਾਈ
ਸਭ ਮਾਈ ਭਾਈ ਆ, ਦਰਸ ਓਹਦੇ ਪਾਂਵਦਾ
ਪਾਂਵਦੇ ਦਰਸ ਓਹਦੇ, ਚਰਨ ਪਰਸ ਓਹਦੇ
ਚਰਨਾਂ ਦੀ ਧੂੜੀ ਚੁੱਕ, ਮੱਥੇ ਉਤੇ ਲਾਂਵਦਾ
ਕਹੇ, ਗੁਰਸੇਵਕ, ਜੀ ਰਾਜਾ ਸਲਵਾਨ ਚੱਲ
ਲੈ ਕੇ ਲੂਣਾਂ ਤਾਂਈ ਫੇਰ, ਓਸ ਜਗ੍ਹਾ ਆਂਵਦਾ

ਜੋਗੀ ਦੀ ਸੋਅ ਸੁਣਕੇ ਸਾਰਾ ਸ਼ਹਿਰ ਅਤੇ ਦੂਰੋਂ ਨੇੜਿਓ ਚੱਲਕੇ ਲੋਕ ਆਉਣ ਲੱਗੇ । ਲੋਕਾਂ ਦੇ ਦੁੱਖ ਦੂਰ ਹੁੰਦੇ ਹਨ । ਮੁਰਾਦਾਂ ਪੂਰੀਆਂ ਹੁੰਦੀਆਂ ਹਨ । ਪੂਰਨ ਦੀ ਜੈ ਜੈ ਕਾਰ ਹੋਣ ਲੱਗੀ । ਰਾਜਾ ਸਲਵਾਹਨ ਵੀ ਰਾਣੀ ਲੂਣਾਂ ਨੂੰ ਨਾਲ ਲੈ ਕੇ ਜੋਗੀ ਕੋਲ ਆਪਣੇ ਦਿਲ ਦਾ ਹਾਲ ਇਸ ਤਰਾਂ ਦੱਸਦਾ ਹੈ ।

ਕਬਿਤ :- ਰਾਜਾ ਸਲਵਾਹਨ ਰਾਣੀ ਲੂਣਾਂ ਆਏ ਪਾਸ ਜਦੋਂ
ਪੂਰਨ ਨੇ ਉੱਠਕੇ ਤੇ, ਪੈਰੀਂ ਹੱਥ ਲਾਇਆ ਏ
ਬਾਪ ਜਾਣ, ਮਾਣ ਤਾਣ, ਪੁੱਤ ਨੇ ਪਿਤਾ ਦਾ ਕੀਤਾ
ਅੱਗੇ ਹੋ ਕੇ ਰਾਜੇ ਤਾਂਈ, ਕਿਹਾ ਜੀ ਆਇਆਂ ਏ
ਰਾਜੇ ਕਿਹਾ ਭਗਤੋਂ ਨਾ ਭਾਰ ਮੇਰੇ ਸਿਰ ਚਾੜ੍ਹੋ
ਮੈਂ ਤਾਂ ਇੱਕ ਆਸਰਾ, ਤੁਹਾਡਾ ਹੀ ਤਕਾਇਆ ਏ
ਆਇਆ ਤੁਸਾਂ ਪਾਸ, ਰੱਖ ਆਸ, ਖਾਸ ਦਿਲ ਵਿੱਚ
ਸੇਵਕ ਸਿੰਘਾਂ, ਮੈਂ ਹਾਲ ਦਿਲ ਦਾ ਸੁਨਾਇਆ ਏ



Sri Satguru Jagjit Singh Ji eLibrary NamdhariElibrary@gmail.com

ਰਾਜੇ ਸਲਵਾਹਨ ਨੇ ਆਜ਼ਜ਼ ਹੋ ਕੇ ਜੋਗੀ ਪਾਸ ਬੇਨਤੀ ਕੀਤੀ । ਹੇ ਮਹਾਰਾਜ ਕਿਰਪਾ ਕਰੋ ਰਹਿਮ ਕਰੋ ਮੇਰੇ ਘਰ ਪੁੱਤਰ ਕੋਈ ਨਹੀਂ ਪੁੱਤਰ ਦੀ ਦਾਤ ਬਖਸ਼ੋਂ ਅੱਗੋ ਜੋਗੀ ਨੇ ਰਾਜੇ ਨੂੰ ਕੀ ਜਵਾਬ ਦਿੱਤਾ ਕਵੀ ਦੀ ਕਲਮ ਇਸ ਤਰਾਂ ਬਿਆਨ ਕਰਦੀ ਹੈ ।

ਕਬਿੱਤ :- ਪੂਰਨ ਪਿਤਾ ਨੂੰ, ਹਾਥ ਜੋੜ ਕਰ ਪ੍ਰੇਮ ਸਾਥ
ਕਹਿਣ ਲੱਗਾ ਤੇਰੇ ਘਰ, ਪੁੱਤ ਪੈਦਾ ਹੋਇਆ ਸੀ
ਪੰਡਤਾਂ ਨੇ ਟੇਵਾ ਲਾਕੇ, ਦੱਸਿਆ ਸੀ ਤੈਨੂੰ ਰਾਜਾ
12 ਸਾਲ ਪੁੱਤ ਤੁਸਾਂ, ਭੋਰੇ ਚੁ ਲਕੋਇਆ ਸੀ
ਮਾਤਾ ਮਤਰੇਈ ਹੈਸੀ, ਪੇਸ਼ ਉਹਦੇ ਪਈ ਹੈਸੀ
ਪਾਪਣ ਨੇ ਪਾਪ ਕਰਮ, ਬੀਜ ਬੋਇਆ ਸੀ
ਉਹਦੀ ਗੱਲ ਮੰਨ ਕੇ, ਤੇ ਪੁੱਤ ਦਿੱਤਾ ਘਰੋਂ ਕੱਢ
ਹੱਥ ਪੈਰ ਵੱਡਕੇ ਕਸਾਈਆਂ, ਉਹਨੂੰ ਕੋਹਿਆ ਸੀ
ਗੋਰਖ ਗੋਸਾਈ, ਖੁਦ ਹੋਇਆ ਸੀ ਸਹਾਈ ਆਣ
ਚਰਨਾਂ ਦੇ ਵਿੱਚ ਰਹਿਕੇ, ਬ੍ਰਹਮ ਚੁ ਸਮੋਇਆ ਸੀ
ਕਹੇ, ਗੁਰਸੇਵਕ, ਨਾ ਰਾਜੇ ਕੋਈ ਘੱਟ ਕੀਤੀ
ਰਾਖਾ ਕਰਤਾਰ ਉਹਦਾ, ਆਪ ਆਕੇ ਹੋਇਆ ਸੀ

ਜੋਗੀ ਨੇ ਲੂਣਾਂ ਵੱਲ ਇਸ਼ਾਰਾ ਕਰਦਿਆਂ ਕਿਹਾ ਰਾਣੀ ਤੇਰੇ ਘਰ ਪੁੱਤਰ ਜ਼ਰੂਰ ਹੋਵੇਗਾ । ਪਰ ਤੈਨੂੰ ਸੱਚ ਬੋਲਣਾ ਪਵੇਗਾ । ਜੇ ਤੂੰ ਚਾਹੁੰਦੀ ਹੈ ਮੇਰੀ ਗੋਦੀ ਵਿੱਚ ਬਾਲ ਖੇਡੇ ਤਾਂ ਸੱਚ ਸੱਚ ਸਾਰੀ ਹਕੀਕਤ ਬਿਆਨ ਕਰਦੇ । ਰਾਣੀ ਲੂਣਾਂ ਪੁੱਤਰ ਦੀ ਲਾਲਸਾ ਵਾਸਤੇ ਰੋ ਰੋ ਕੇ ਇਸ ਤਰਾਂ ਸੱਚ ਬਿਆਨ ਕਰਦੀ ਹੈ । ਤੇ ਆਪਣੀ ਕੀਤੀ ਦੀ ਮਾਫ਼ੀ ਮੰਗਦੀ ਹੈ ।ਇਸ ਕਵਿਤਾ ਵਿੱਚ ਇਉਂ ਬੇਨਤੀ ਕੀਤੀ ਜਾ ਰਹੀ ਹੈ।



Sri Satguru Jagjit Singh Ji eLibrary NamdhariElibrary@gmail.com

# ਡਿਉੜ ਛੰਦ 16

1. ਲੂਣਾਂ ਛਮ ਛਮ ਰੋਵਣ ਲੱਗੀ, ਦਿਲ ਉਹਦਾ ਕੁਰਲਾਇਆ, ਤਰਲਾ ਪਾਇਆ
ਪੂਰਨ ਉਤੇ ਮੈਂ ਜੋਗੀ ਜੀ, ਹੈ ਸੀ ਕਹਿਰ ਕਮਾਇਆ, ਤਰਸ ਨਾ ਆਇਆ
ਸਾਰੀ ਹਾਂ ਮੈਂ ਖੋਲ ਦੱਸਦੀ, ਉਲਝੀ ਕਿੱਦਾਂ ਤਾਣੀ, ਸੁਣੋ ਕਹਾਣੀ
ਹੱਥ ਜੋੜਕੇ ਜੋਗੀ ਕੋਲੋਂ, ਮਾਫ਼ੀ ਮੰਗੇ ਰਾਣੀ, ਬਣੀ ਨਿਮਾਣੀਂ

2. ਜੋਬਨ ਸੋਹਣਾ ਮਨ ਮੋਹਣਾ ਸੀ, ਮੁੱਖੜੇ ਉਤੇ ਲਾਲੀ, ਕਰਮਾਂ ਵਾਲੀ
ਡੋਲ ਗਿਆ ਦਿਲ ਮੇਰਾ, ਮੈਥੋਂ ਹੋਸ਼ ਨਾ ਗਈ ਸੰਭਾਲੀ, ਹੋ ਮਤਵਾਲੀ
ਸੁੰਦਰ ਮੁੱਖੜਾ ਚੰਦ ਦਾ ਟੁੱਕੜਾ,ਉਹਦੀ ਉਮਰ ਨਿਆਣੀ,ਮੈਂ ਸੀ ਜਾਣੀ
ਹੱਥ ਜੋੜਕੇ ਜੋਗੀ ਕੋਲੋਂ, ਮਾਫ਼ੀ ਮੰਗੇ ਰਾਣੀ, ਬਣੀ ਨਿਮਾਣੀਂ

3. ਹੁਸਨ ਤੱਕਿਆ ਪੂਰਨ ਦਾ ਮੈਂ, ਵੱਜੀ ਸੱਟ ਕਰਾਰੀ , ਸੀਨੇ ਭਾਰੀ
ਦਿਲ ਮੇਰਾ ਬੇਈਮਾਨ ਹੋ ਗਿਆ, ਦਿਲ ਤੇ ਫਿਰ ਗਈ ਆਰੀ, ਪ੍ਰੇਮ ਕਟਾਰੀ
ਮੈਂ ਜਾਣਿਆਂ ਮਿਲਿਆ ਮੈਨੂੰ, ਸੁੰਦਰ ਹੈ ਗੁਣਖਾਣੀ, ਮੇਰਾ ਹਾਣੀ
ਹੱਥ ਜੋੜਕੇ.....................................?

4. ਉਹਦੇ ਨਾਲ ਮੈਂ ਧੋਖਾ ਕੀਤਾ, ਦਿਲ ਦਾ ਵੈਰ ਕਮਾਇਆ, ਜੋ ਮੈਂ ਚਾਹਿਆ
ਕਹਿਕੇ ਰਾਜੇ ਤਾਂਈ ਉਹਨੂੰ, ਖੂਹ ਦੇ ਵਿੱਚ ਸੁਟਵਾਇਆ, ਕਲੰਕ ਲਗਾਇਆ
ਮਾਂ ਹੋਕੇ ਮੈਂ ਫਰਜ਼ ਭੁੱਲ ਗਈ ਹੋਈ, ਪਾਣੀ ਪਾਣੀ, ਦਿਲ ਦੀ ਕਾਣੀ
ਹੱਥ ਜੋੜਕੇ.....................................?



Sri Satguru Jagjit Singh Ji eLibrary NamdhariElibrary@gmail.com

5. ਮਾਂ ਦੇ ਵਰਗਾ ਪਿਆਰ ਨਾ ਦੇਵਣ, ਜੋ ਮਤਰੇਈਆ ਮਾਵਾਂ, ਸੱਚ ਸੁਨਾਵਾਂ
ਭੁੱਖੇ ਹੱਥੋ ਟੁੱਕ ਖੋਹ ਲਿਆ, ਜੀਕਣ ਕਾਲੇ ਕਾਵਾਂ, ਖੈਰ ਮਨਾਵਾਂ
ਰਾਜੇ ਦੇ ਦਰਬਾਰ ਚੁ ਮੈਂ ਤਾਂ ਝੂਠੀ, ਬੋਲੀ ਬਾਣੀ, ਜੋ ਮਨ ਭਾਣੀ
ਹੱਥ ਜੋੜਕੇ...................................?

6. ਦੱਸੋ ਜੋਗੀ ਜੀ ਮੈਂ ਸਿਰ ਤੋਂ, ਕਿੱਦਾਂ ਪਾਪ ਇਹ ਲਾਹਵਾਂ, ਟਲਨ ਬਲਾਵਾਂ
ਤੇਰੇ ਚਰਨਾਂ ਦੇ ਵਿੱਚ ਆ ਕੇ, ਮੈਂ ਤਾਂ ਸੀਸ ਝੁਕਾਵਾਂ, ਸਰਬ ਸੁੱਖ ਪਾਵਾਂ
ਤੇਰੇ ਵਿੱਚੋਂ ਰੱਬ ਹੈ ਦਿਸਿਆ, ਗਤਿ ਨਾ ਜਾਏ ਜਾਣੀ, ਮੈਂ ਕੁਰਬਾਣੀ
ਹੱਥ ਜੋੜਕੇ...................................?

7. ਸੇਵਕ ਸਿੰਘਾ, ਕਿਸੇ ਦੇ ਅੱਗੇ ਨਹੀਂ ਸੀ ਸੱਚ ਸੁਨਾਇਆ, ਹਾਲ ਬਤਾਇਆ
ਅੱਜ ਆਤਮਾ ਮੇਰੀ ਮੈਨੂੰ, ਫੜਕੇ ਆਣ ਜਗਾਇਆ, ਧੱਕਾ ਲਾਇਆ
ਕਲਮ ਕਵੀ ਦੀ ਹੱਕ ਸੱਚ ਦੀ, ਲਿਖਦੀ ਆਣ ਕਹਾਣੀ, ਸੱਚੀ ਬਾਣੀ
ਹੱਥ ਜੋੜਕੇ ਜੋਗੀ ਕੋਲੋਂ ਮਾਫ਼ੀ ਮੰਗੇ ਰਾਣੀ, ਬਣੀ ਨਿਮਾਣੀਂ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 17

ਹਕੀਕਤ ਨੂੰ ਸੁਣਕੇ ਰਾਜੇ ਸਲਵਾਨ ਦੀਆਂ ਅੱਖਾਂ ਵਿਚੋਂ ਖ਼ੂੰਨ ਉਤਰ ਆਇਆ, ਕ੍ਰੋਧ ਨਾਲ ਕਿਸ ਤਰਾਂ ਆਪਣੇ ਆਪ ਤੋਂ ਬਾਹਰ ਹੁੰਦਾ ਹੈ ਕਵੀ ਦੀ ਕਲਮ ਬਿਆਨ ਕਰਦੀ ਹੈ ।

ਕਬਿੱਤ :- ਰਾਜੇ ਰਾਣੀ ਲੂਣਾਂ ਕੋਲੋ, ਸੁਣ ਲਈ ਸੀ ਗੱਲ ਜਦੋਂ
ਹੱਥ ਵਿੱਚ ਰਾਜੇ ਫੇਰ ਫੜੀ ਤਲਵਾਰ ਸੀ
ਲਾਲੋ ਲਾਲ ਮੁੱਖ ਹੋਇਆ, ਦਿਲ ਵਿੱਚ ਦੁੱਖ ਹੋਇਆ
ਕ੍ਰੋਧ ਘੋੜੇ ਉਤੇ ਰਾਜਾ, ਹੋਇਆ ਅਸਵਾਰ ਸੀ
ਰਾਜੇ ਤਲਵਾਰ ਹਵਾ ਵਿੱਚ, ਲਹਿਰਾਈ ਭਾਈ
ਰਾਣੀ ਉਤੇ ਰਾਜਾ ਲੱਗਾ, ਕਰਨੇ ਜਾਂ ਵਾਰ ਸੀ
ਕਹੇ, ਗੁਰਸੇਵਕ, ਪਿਆਰ ਸਾਥ ਜੋੜ ਹਾਥ
ਪੂਰਨ ਨੇ ਲਿਆ, ਰੋਕ ਅੱਧ ਵਿਚਕਾਰ ਸੀ

ਰਾਣੀ ਨੇ ਆਜ਼ਜ਼ ਹੋ ਕੇ ਜੋਗੀ ਨੂੰ ਪੂਰਨ ਸਾਧੂ ਜਾਣਕੇ ਚਰਨ ਫੜ ਲਏ ਤੇ ਆਜ਼ਜ਼ ਹੋ ਕੇ ਇਸ ਤਰਾਂ ਬੇਨਤੀ ਕਰਦੀ ਹੈ ।

ਕਬਿੱਤ :- ਰਾਣੀ ਲੂਣਾਂ ਵਾਰ ਵਾਰ, ਆਖੇ ਸਤਿਕਾਰ ਨਾਲ
ਅੱਜ ਮੇਰੇ ਕਾਰਜ ਸਵਾਰ, ਵਾਰ ਜੋਗੀਆ
ਪੁੱਤਰ ਪਿਆਰਾ ਹੋਵੇ, ਲੂਣਾਂ ਦਾ ਦੁਲਾਰਾ ਹੋਵੇ
ਖੇਡੇ ਮੇਰੀ ਗੋਦੀ ਵਿਚਕਾਰ, ਪਿਆਰ ਜੋਗੀਆ



Sri Satguru Jagjit Singh Ji eLibrary NamdhariElibrary@gmail.com

ਪਿਛਲੀਆਂ ਭੁੱਲਾਂ ਬਖਸਾਵਾਂ, ਤੇਰੇ ਚਰਨਾਂ ਚੁ
ਅੱਜ ਮੇਰਾ ਸਿਰ ਤੋਂ, ਉਤਾਰ ਭਾਰ ਜੋਗੀਆ
ਕਹੇ, ਗੁਰਸੇਵਕ, ਮੈਂ ਦਰ ਤੇਰੇ ਆਈ ਭਾਈ
ਰੇਖ ਵਿੱਚ ਮੇਖ ਮਾਰ, ਕਰ ਪਾਰ ਜੋਗੀਆ

ਜੋਗੀ ਨੇ ਪ੍ਰਸੰਨ ਹੋ ਕੇ ਲੂਣਾਂ ਨੂੰ ਕਿਹਾ ਤੇਰੇ ਘਰ ਪੁੱਤਰ ਪੈਦਾ ਹੋਵੇਗਾ । ਜੋ ਬਲੀ ਰਾਜੇ ਵਾਂਗ ਬਲਵਾਨ ਹੋਵੇਗਾ ।

ਕਬਿੱਤ :- ਰਾਣੀ ਲੂਣਾਂ ਤਾਂਈ, ਜੋਗੀ ਮੁੱਖ ਵਿੱਚੋਂ ਵਰ ਦਿੱਤਾ
ਬਲੀ ਰਾਜੇ ਵਾਂਗੂ, ਪੁੱਤ ਹੋਊ ਬਲਵਾਨ ਨੀਂ
ਬੋਲਿਆ ਫ਼ਕੀਰ, ਤੇ ਕਮਾਣ ਵਿੱਚੋ ਚੱਲੇ ਤੀਰ
ਮੁੜਦਾ ਨਾ ਬੋਲ, ਬੋਲੇ ਸਾਧੂ ਦੀ ਜੁਬਾਨ ਨੀਂ
ਤੇਰੀ ਕੁੱਖੋਂ ਬਾਲ ਹੋਊ, ਮੁੱਖ ਤੇ ਜਲਾਲ ਹੋਊ
ਭਰਦੂ ਭੰਡਾਰੇ ਕਰੂ ਮਿਹਰ ਭਗਵਾਨ ਨੀਂ
ਕਹੇ, ਗੁਰਸੇਵਕ, ਤੂੰ ਚਿੱਤ ਨੂੰ ਟਿਕਾਕੇ ਨਿੱਤ
ਲਾਈਂ ਪ੍ਰਭੂ ਚਰਨਾਂ ਦੇ, ਵਿੱਚ ਤੂੰ ਧਿਆਨ ਨੀਂ

ਓਧਰ ਰਾਣੀ ਇੱਛਰਾਂ ਨੂੰ ਕਿਸੇ ਨੇ ਜਾ ਕੇ ਆਖਿਆ ਤੁਹਾਡੇ ਬਾਗ ਵਿੱਚ ਇੱਕ ਕਰਾਮਾਤੀ ਜੋਗੀ ਆਇਆ ਹੈ । ਜਿਸ ਦੇ ਚਰਨ ਪਾਉਣ ਦੇ ਨਾਲ ਹੀ ਸੁੱਕਾ ਬਾਗ਼ ਹਰਾ ਹੋ ਗਿਆ ਤੂੰ ਵੀ ਜਾਕੇ ਜੋਗੀ ਦੇ ਦਰਸ਼ਨ ਕਰ ਲੈ ਤੇਰਾ ਜੀਵਨ ਸਫ਼ਲ ਹੋ ਜਾਵੇਗਾ ।

ਕਬਿੱਤ :- ਇੱਛਰਾਂ ਨੂੰ ਕਿਸੇ ਨੇ ਸੁਣਾਈ ਜਾ ਕੇ ਗੱਲ ਹੈ ਸੀ
ਇੱਛਰਾਂ ਨੀ ਜੋਗੀ ਇੱਕ ਸ਼ਹਿਰ ਵਿੱਚ ਆਇਆ ਈ



Sri Satguru Jagjit Singh Ji eLibrary NamdhariElibrary@gmail.com

ਨਾਮ ਦਾ ਸਰੂਰ ਹੈਸੀ, ਮੁੱਖ ਨੂਰੋ ਨੂਰ ਹੈਸੀ
ਸੁੱਕੇ ਬਾਗ ਵਿੱਚ ਆ ਕੇ, ਡੇਰਾ ਉਸ ਲਾਇਆ ਈ
ਜੋਗੀ ਨੇ ਚਰਨ ਜਦੋਂ, ਪਾਏ ਆਕੇ ਬਾਗ ਵਿੱਚ
ਸੁੱਕਾ ਬਾਗ਼, ਤਤਛਿਨ ਵਿੱਚ ਹਰਿਆਇਆ ਈ
ਰੱਬ ਨੂੰ ਮਿਲਣ ਵਾਲਾ, ਰਾਸਤਾ ਉਹ ਦੱਸਦਾ ਏ
ਲੰਘਿਆ ਵਕਤ ਨਹੀਓ, ਕਿਸੇ ਪਰਤਾਇਆ ਈ
ਜਾਹ ਜਾਕੇ ਮੰਗਲੈ, ਮੁਰਾਦ ਕੋਈ ਰਾਣੀਏ ਨੀਂ
ਕਵੀ, ਗੁਰਸੇਵਕ, ਨੇ ਸੱਚ ਇਹ ਸੁਨਾਇਆ ਈ

ਰਾਣੀ ਇੱਛਰਾਂ ਕਿਸ ਤਰਾਂ ਜੋਗੀ ਵੱਲ ਤੁਰਦੀ ਹੈ ਕਵੀ ਦੀ ਕਲਮ ਨੇ ਇਓਂ ਬਿਆਨ ਕੀਤਾ ਹੈ ।



Sri Satguru Jagjit Singh Ji eLibrary NamdhariElibrary@gmail.com

# ਦੋਤਾਰਾ ਛੰਦ 17

1. ਰਾਣੀ ਨੂੰ ਖ਼ਬਰ ਹੋਈ ਕੀਤੀ ਓਸੇ ਵਖ਼ਤ ਤਿਆਰੀ
ਮਹਿਮਾਂ ਸੁਣ ਜੋਗੀ ਦੀ ਤੁਰ ਪਈ ਉਸਦੇ ਵੱਲ ਦੁਖਿਆਰੀ
ਬਿਰਹਾਂ ਨੇ ਮਾਰ ਲਿਆ ਪੁੱਤਰਾਂ ਦੇ ਦੁੱਖ ਬੜੇ ਅਵੱਲੇ
ਦਿਲ ਦੇ ਵਿੱਚ ਰੱਖ ਆਸਾਂ ਇੱਛਰਾਂ ਤੁਰ ਪਈ ਜੋਗੀ ਵੱਲੇ

2. ਸੀਨੇ ਵਿੱਚ ਸੱਲ ਲੱਗਾ ਨੈਣੋਂ ਨੀਰ ਛਲਕਦਾ ਜਾਵੇ
ਡਾਢੀ ਦੁਖਿਆਰੀ ਸੀ ਮਾਤਾ ਭਰਦੀ ਹੌਕੇ ਹਾਵੇ
ਰਾਣੀ ਦਾ ਦਿਲ ਰੋਵੇ ਸੀਨੇ ਜ਼ਖ਼ਮ ਸੀ ਅੱਲੇ (2)
ਦਿਲ ਦੇ ਵਿੱਚ............................. ?

3. ਕਰਮਾਂ ਦੀ ਮਾਰੀ ਸੀ ਹੋ ਗਈ ਰੋ ਰੋ ਅੱਖੋਂ ਅੰਨੀਂ
ਜਰ ਨੇ ਆ ਤਨ ਜਿੱਤਿਆ ਜੋਬਨ ਨੇ ਖਿਸਕਾਈ ਕੰਨੀਂ
ਬਿਰਹਾਂ ਦੇ ਨਾਗਾਂ ਨੇ ਕੀਤੇ ਆਣ ਓਸਤੇ ਹੱਲੇ
ਦਿਲ ਦੇ ਵਿੱਚ............................. ?



Sri Satguru Jagjit Singh Ji eLibrary NamdhariElibrary@gmail.com

4. ਰੱਬ ਮਿਲਦਾ ਓਹਨਾਂ ਨੂੰ ਹੋਵੇ ਸਾਫ਼ ਜਿੰਨਾਂ ਦੀ ਨੀਤਾ
ਹੈ ਮੁਰਸ਼ਦ ਵਾਲਾ ਨੀ ਸੁੱਕਾ ਬਾਗ਼ ਹਰਾ ਜਿਸ ਕੀਤਾ
ਕੰਨਾਂ ਵਿੱਚ ਮੁੰਦਰਾਂ ਨੇ ਉਂਗਲਾਂ ਦੇ ਵਿੱਚ ਛਾਪਾ ਛੱਲੇ
ਦਿਲ ਦੇ ਵਿੱਚ............................... ?

5. ਤਨ ਕਾਨੇ ਵਰਗਾ ਸੀ ਹਾਲਤ ਤਰਸਯੋਗ ਸੀ ਹੋਈ
ਇੱਛਰਾਂ ਦੀ ਇੱਛਾ ਸੀ ਜੋਗੀ ਕੋਲ ਕਰਾਂ ਅਰਜੋਈ
ਬੁਰੇ ਦਰਦ ਵਿਛੋੜੇ ਦੇ ਸਾਗਰ ਗ਼ਮ ਦੇ ਜਾਣ ਨਾ ਠੱਲੇ
ਦਿਲ ਦੇ ਵਿੱਚ............................... ?

6. ਗੁਰਸੇਵਕ ਸਿੰਘ, ਕਵੀ, ਕਿੱਸਾ ਲਿਖਿਆ ਆਪ ਸੁਨਾਵੇ
ਜੋਗੀ ਅਤਿ ਸੋਹਣਾ ਏ ਉਸਦੀ ਲਖਤ ਲਖੀ ਨਾ ਜਾਵੇ
ਮੁੱਖੜੇ ਤੇ ਨੂਰ ਬੜਾ ਨਾ ਕੋਈ ਤਾਬ ਓਸਦੀ ਝੱਲੇ
ਦਿਲ ਦੇ ਵਿੱਚ ਰੱਖ ਆਸਾਂ ਇੱਛਰਾਂ ਤੁਰ ਪਈ ਜੋਗੀ ਵੱਲੇ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 18

ਜੋਗੀ ਕੋਲ ਆਣ ਕੇ ਮਾਂ ਇੱਛਰਾਂ ਨੇ ਆਪਣੀ ਵਰਿਆਂ ਦੀ ਵੇਦਨਾਂ ਪ੍ਰਗਟ ਕਰਦਿਆਂ ਹੋਇਆ ਜੋਗੀ ਨੂੰ ਆਪਣੇ ਮਨ ਦੇ ਵਲਵਲੇ ਇਉਂ ਦੱਸੇ ।

ਕਬਿੱਤ :- ਇੱਛਰਾਂ ਨੇ ਇੱਛਾ, ਮਨ ਵਿੱਚ ਧਾਰ ਆਖਿਆ ਏ
ਦੱਸ ਮੈਨੂੰ ਪੁੱਤਰ ਦੀ, ਪਾਓ ਹੁਣ ਜੋਗੀ ਜੀ
ਰੱਖ ਦਿੱਤੀ ਘਿਉ ਅਤੇ, ਖਿਚੜੀ ਸੀ ਅੱਗੇ ਆਣ
ਆਖਦੀ ਏ ਭੋਗ, ਏਹਨੂੰ ਲਾਓ ਹੁਣ ਜੋਗੀ ਜੀ
ਮਨ ਮੇਰਾ ਸਾਂਤ ਹੋਵੇ, ਐਸਾ ਬਿਰਤਾਂਤ ਹੋਵੇ
ਮਿੱਠੇ ਮਿੱਠੇ ਬਚਨ ਸੁਣਾਓ, ਹੁਣ ਜੋਗੀ ਜੀ
ਕਹੇ, ਗੁਰਸੇਵਕ ਜੀ, ਮੁਕਤ ਜੁਗਤ ਦੱਸੋ
ਜਗਤ ਜਲੰਧੇ ਚੋਂ, ਤਰਾਓ ਹੁਣ ਜੋਗੀ ਜੀ

ਰਾਣੀ ਇੱਛਰਾਂ ਨੇ ਜੋਗੀ ਅੱਗੇ ਜਾਕੇ ਘਿਓ ਅਤੇ ਖਿਚੜੀ ਰੱਖੀ । ਤੇ ਆਖਿਆ ਇਸਨੂੰ ਭੋਗ ਲਾਓ । ਰਾਣੀ ਇੱਛਰਾਂ ਦੇ ਦਿਲ ਦਹਿਲਾਉਣ ਵਾਲੇ ਦੁੱਖੜੇ ਸੁਣਕੇ ਜੋਗੀ ਇੱਛਰਾਂ ਨੂੰ ਇਸ ਪ੍ਰਕਾਰ ਦਿਲਾਸਾ ਦਿੰਦਾ ਹੈ ।

ਕਬਿੱਤ :- ਪੂਰਨ ਭਗਤ, ਸਾਂਤ ਚਿੱਤ ਕਰਾਮਾਤ ਵਾਲਾ
ਇੱਛਰਾਂ ਨੂੰ ਆਖਦਾ ਏ, ਦੁੱਖੜਾ ਤੂੰ ਫੋਲ ਨੀਂ
ਜੋਗੀ ਸਾਰੇ ਜੱਗ ਤਾਂਈ, ਇੱਕ ਹੀ ਸਮਾਨ ਜਾਣੇ
ਨਾਮ ਵਾਲੀ ਜੁਗਤੀ ਹੈ, ਜੋਗੀਆਂ ਦੇ ਕੋਲ ਨੀ



Sri Satguru Jagjit Singh Ji eLibrary NamdhariElibrary@gmail.com

ਮੇਰੇ ਪਾਸ ਬੈਠ ਆਕੇ, ਸੁਰਤੀ ਟਿਕਾਕੇ ਮਾਈ
ਦੁੱਖ ਭਰੀ ਆਪਣੀ, ਕਹਾਣੀ ਸਾਰੀ ਖੋਲ ਨੀਂ
ਹਿਰਦਾ ਸਵੱਛ ਤੇਰਾ, ਆਤਮਾ ਪ੍ਰਤੱਛ ਤੇਰਾ
ਸੂਰਤ ਪਿਆਰੀ ਤੇਰੀ, ਮੱਤ ਅਨਭੋਲ ਨੀਂ
ਪੁੱਤਰ ਤੇਰੇ ਦਾ ਸਾਰਾ, ਪਤਾ ਹੈ ਮਾਲੂਮ ਮੈਨੂੰ
12 ਹੀ ਬਰਸ ਉਹ ਤਾਂ, ਰਿਹਾ ਮੇਰੇ ਕੋਲ ਨੀਂ
ਕਹੇ, ਗੁਰਸੇਵਕ, ਉਹ ਸਾਹਮਣੇ ਹੈ ਤੇਰੇ ਬੈਠਾ
ਨਜ਼ਰਾਂ ਨਾ ਵੇਖ ਮਨ ਕਰਕੇ ਅਡੋਲ ਨੀਂ

ਜਦੋਂ ਜੋਗੀ ਦੇ ਪਿਆਰ ਭਰੇ ਬਚਨ ਸੁਣੇ ਉਸਦੀ ਰਸ ਭਿੰਨੀ ਆਵਾਜ਼ ਜਦੋਂ ਰਾਣੀਂ ਇੱਛਰਾਂ ਦੇ ਹਿਰਦੇ ਤੱਕ ਪਹੁੰਚੀ ਹਿਰਦੇ ਵਿੱਚ ਸੁੱਤੀ ਹੋਈ ਮਮਤਾ ਫੇਰ ਜਾਗ ਉੱਠੀ ਥੋੜਾ ਜਿਹਾ ਹੋਰ ਲਾਗੇ ਹੋ ਕੇ ਬੈਠ ਗਈ ਤਾਂ ਪੂਰਨ ਨੇ ਆਖਿਆ ਮਾਤਾ ਮੈਂ ਤੇਰਾ ਪੁੱਤਰ ਪੂਰਨ ਹਾਂ । ਮਾਤਾ ਦੀਆਂ ਅੱਖਾਂ ਵਿੱਚ ਪੁੱਤਰ ਦੇ ਦਰਸ਼ਨ ਕਰਕੇ ਜੋਤ ਆ ਗਈ । ਕਵੀ ਕਾਲੀਦਾਸ ਲਿਖਦਾ ਹੈ ।

ਚੀਕਾਂ ਮਾਰਕੇ ਇੱਛਰਾਂ ਰੋਣ ਲੱਗੀ ਬੱਚਾ ਘੁੱਟਕੇ ਗਲੇ ਲਗਾਇਆ ਈ,
ਚੌਦਾਂ ਵਰੇ ਬਤੀਤ ਹੋ ਗਏ ਪੂਰੇ ਅੱਜ ਵੇਖਿਆ ਢਿੱਡ ਦਾ ਜਾਇਆ ਈ,

ਮਾਤਾ ਪੁੱਤਰ ਦੇ ਮਿਲਾਪ ਨੂੰ ਕਵੀ ਦੀ ਕਲਮ ਨੇ ਇਓਂ ਬਿਆਨ ਕੀਤਾ ਹੈ ।



Sri Satguru Jagjit Singh Ji eLibrary NamdhariElibrary@gmail.com

# ਛੰਦ ਗੀਤ ਗੱਡੀ 18

1. ਰਾਣੀ ਇੱਛਰਾਂ ਨੇ ਪੁੱਤ ਨੂੰ ਪਛਾਣਿਆ
ਅੱਖਾਂ ਵਿੱਚੋਂ ਹੰਝੂ ਸੁੱਟਦੀ
ਗਲ ਲਾਂਵਦੀ
ਗਲ ਲਾਂਵਦੀ ਪਿਆਰੇ ਪੁੱਤ ਤਾਂਈ
ਮੌਜ ਬਹਾਰਾਂ ਲੁੱਟਦੀ
ਗਲ ਲਾਂਵਦੀ

2. ਆਣ ਪੁੱਤ ਦਾ ਦਰਸ ਜਦੋਂ ਕੀਤਾ
ਕੰਨਾਂ ਚੁ ਸਰੋਤ ਆ ਗਈ
ਹੋਈ ਕਿਰਪਾ
ਹੋਈ ਕਿਰਪਾ ਗੁਰਾਂ ਦੀ ਭਾਰੀ
ਅੱਖਾਂ ਵਿੱਚ ਜੋਤ ਆ ਗਈ
ਹੋਈ ਕਿਰਪਾ

3. ਮੁੱਖ ਵਾਂਗ ਗੁਲਾਬ ਦੇ ਖਿੜਿਆ
ਖੁਸ਼ੀਆਂ ਅਪਾਰ ਹੋ ਗਈਆਂ
ਮਾਂ ਤੇ ਪੁੱਤ ਦਾ
ਪੁੱਤ ਦਾ ਮਿਲਾਪ ਜਦੋਂ ਹੋਇਆ
ਹੈ ਸੀ ਜੁੱਗ ਚਾਰ ਹੋ ਗਈਆਂ
ਮਾਂ ਤੇ ਪੁੱਤ ਦਾ

1. ਹੁੰਦੇ ਪੁੱਤਰ ਪਿਆਰੇ ਮਿੱਠੇ ਮੇਵੇ
ਹੋਂਵਦੇ ਪਿਆਰੇ ਸਭ ਨੂੰ
ਜਿਵੇਂ ਮਾਪਿਆਂ
ਮਾਪਿਆਂ ਨੂੰ ਪੁੱਤਰ ਪਿਆਰੇ
ਭਗਤ ਪਿਆਰੇ ਰੱਬ ਨੂੰ
ਜਿਵੇਂ ਮਾਪਿਆਂ

2. ਤੱਕੀ ਮੁੱਖੜਾ ਪੁੱਤਰ ਦਾ ਜਾਵੇ
ਵੇਖ ਖੁਦਾ ਦੇ ਸਬੱਬ ਨੂੰ
ਜਿਵੇਂ ਮਾਪਿਆਂ
ਮਾਪਿਆਂ ਨੂੰ ਪੁੱਤਰ ਪਿਆਰੇ
ਭਗਤ ਪਿਆਰੇ ਰੱਬ ਨੂੰ
ਜਿਵੇਂ ਮਾਪਿਆਂ

3. ਮੁੱਖ ਚੰਦ ਤੋਂ ਪਿਆਰਾ ਲਗਦਾ
ਤਾਰਨ ਆਇਆ ਜੱਗ ਨੂੰ
ਜਿਵੇਂ ਮਾਪਿਆਂ
ਮਾਪਿਆਂ ਨੂੰ ਪੁੱਤਰ ਪਿਆਰੇ
ਭਗਤ ਪਿਆਰੇ ਰੱਬ ਨੂੰ
ਜਿਵੇਂ ਮਾਪਿਆਂ



Sri Satguru Jagjit Singh Ji eLibrary NamdhariElibrary@gmail.com

4. ਜਿਵੇਂ ਚੰਦ ਨੂੰ ਚਕੋਰੀ ਵੇਖੇ
ਮਾਤਾ ਪੁੱਤਰ ਨੂੰ ਵੇਖਦੀ
ਮੱਥਾਂ ਚੁੰਮਕੇ
ਮੱਥਾਂ ਚੁੰਮਕੇ ਸੱਦਕੜੇ ਜਾਵੇ
ਗੱਲ ਕਰਦੀ ਏ ਨੇਕ ਦੀ
ਮੱਥਾਂ ਚੁੰਮਕੇ

4. ਗੁਰਸੇਵਕ, ਨੂੰ ਲਿਖਣਾ ਨਾ ਆਵੇ
ਲਿਖਣ ਤੇ ਸਿੱਖੇ ਚੱਜ ਨੂੰ
ਜਿਵੇਂ ਮਾਪਿਆਂ
ਮਾਪਿਆਂ ਨੂੰ ਪੁੱਤਰ ਪਿਆਰੇ
ਭਗਤ ਪਿਆਰੇ ਰੱਬ ਨੂੰ
ਜਿਵੇਂ ਮਾਪਿਆਂ



Sri Satguru Jagjit Singh Ji eLibrary NamdhariElibrary@gmail.com

# ਪ੍ਰਚਾਰ 19

ਪੁੱਤਰ ਨੂੰ ਮਿਲਣ ਤੋਂ ਬਾਅਦ ਰਾਣੀ ਇੱਛਰਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ । ਪੁੱਤਰ ਨੂੰ ਘੁੱਟ ਕੇ ਕਲੇਜੇ ਨਾਲ ਲਾਇਆ । ਅਸੀਸਾਂ ਦਿੱਤੀਆਂ ।

ਕਬਿੱਤ :- ਪੁੱਤਰ ਪਿਆਰਾ ਜਦੋਂ, ਅੱਖਾਂ ਨਾਲ ਵੇਖ ਲਿਆ
ਖੁਸ਼ੀਆਂ ਚੁ ਫੁੱਲੀ ਨਾ, ਸਮਾਈ ਰਾਣੀ ਇੱਛਰਾਂ
ਪੁੱਤਰ ਦਰਸ ਹੋਇਆ, ਪੁੱਤਰ ਸਪਰਸ਼ ਹੋਇਆ
ਪੁੱਤਰ ਦੀ ਕਰੇ, ਵਡਿਆਈ ਰਾਣੀ ਇੱਛਰਾਂ
ਛਾਤੀ ਵਿੱਚ ਦੁੱਧ ਉਹਦੇ, ਝੱਟ ਸੀ ਉਤਰ ਆਇਆ
ਅੱਖਾਂ ਵਿੱਚ ਜੋਤ ਹੈਸੀ, ਆਈ ਰਾਣੀ ਇੱਛਰਾਂ
ਕਹੇ, ਗੁਰਸੇਵਕ, ਪਿਆਰ ਕਰੇ ਪੁੱਤ ਤਾਂਈ
ਸੌ ਸੌ ਜਾਵੇ ਸ਼ਗਨ, ਮਨਾਈਂ ਰਾਣੀ ਇੱਛਰਾਂ

ਓਧਰ ਰਾਜਾ ਸਲਵਾਨ ਪੂਰਨ ਭਗਤ ਬਾਰੇ ਜਾਣਕੇ ਅਤੀ ਪ੍ਰਸੰਨ ਹੁੰਦਾ ਹੈ । ਮਹਿਲਾਂ ਵਿੱਚ ਦੀਪ ਮਾਲਾ ਕਰਵਾਉਂਦਾ ਹੈ । ਭੁੱਖਿਆਂ ਨੂੰ ਭੋਜਨ ਛਕਾਇਆ ਗਿਆ, ਬਸਤਰ ਦਾਨ ਕੀਤੇ ਗਏ । ਅਸਮੇਧ ਜੱਗ ਕਰਵਾਇਆ। ਰਾਜ ਦਰਬਾਰ ਵਿੱਚ ਖੁਸ਼ੀ ਹੋਈ । ਓਸ ਖੁਸ਼ੀ ਭਰੇ ਦ੍ਰਿਸ਼ ਨੂੰ ਕਵੀ ਨੇ ਆਪਣੀ ਕਵਿਤਾ ਰਾਹੀਂ ਇਓਂ ਕਲਮ ਬੰਦ ਕੀਤਾ ਹੈ ।

ਕਬਿੱਤ :- ਰਾਜਾ ਸਲਵਾਨ ਪੁੱਤ, ਮੁੱਖ ਵੇਖ ਖੁਸ਼ ਹੋਇਆ
ਪੁੱਤਰ ਨੂੰ ਘੁੱਟਕੇ ਕਲੇਜੇ ਨਾਲ ਲਾਂਵਦਾ



Sri Satguru Jagjit Singh Ji eLibrary NamdhariElibrary@gmail.com

ਲਾਂਵਦਾ ਕਲੇਜੇ ਨੈਣੋਂ ਨੀਰ ਨੂੰ ਵਹਾਇ ਕੇ ਜੀ
ਹੱਥ ਜੋੜ ਹੋਈ ਜਿਹੜੀ, ਭੁੱਲ ਬਖਸਾਂਵਦਾ
ਮਾਈਆਂ ਹੁਣ ਦਿੰਦੀਆ, ਵਧਾਈਆਂ ਰਾਜੇ ਤਾਂਈ ਆਣ
ਖੁਸ਼ੀ ਵਿੱਚ ਅਸਮੇਧ, ਜੱਗ ਕਰਵਾਂਵਦਾ
ਢੋਲ ਨਗਾਰੇ, ਸਾਰੇ ਸ਼ਹਿਰ ਚੁ ਵਜਾਏ ਰਾਜੇ
ਮਹਿਲਾਂ ਵਿੱਚ ਆ ਕੇ, ਦੀਪ ਮਾਲਾ ਹੈ ਜਗਾਂਵਦਾ
ਸਾਧੂਆਂ ਫ਼ਕੀਰਾਂ ਤਾਂਈ ਮਹਿਲਾਂ ਵਿੱਚ ਸੱਦਕੇ ਤੇ
ਕਰਕੇ ਤਿਆਰ, ਰਾਜਾ ਭੋਜਨ ਛਕਾਂਵਦਾ
ਕਹੇ, ਗੁਰਸੇਵਕ, ਮੈਂ ਦੱਸਿਆ ਹਵਾਲ ਸਾਰਾ
ਖੋਲਕੇ ਖਜ਼ਾਨੇ ਰਾਜਾ ਦਾਨ ਕਰਵਾਂਵਦਾ

ਰਾਜੇ ਸਲਵਾਹਨ ਨੇ ਮਹਿਲਾਂ ਵਿੱਚ ਖੁਸ਼ੀਆਂ ਕਿਵੇਂ ਮਨਾਈਆਂ ਇੰਵ ਬਿਆਨ ਹੈ ।



Sri Satguru Jagjit Singh Ji eLibrary NamdhariElibrary@gmail.com

# ਕੋਰੜਾ ਛੰਦ 19

1. ਰਾਜੇ ਜਦੋਂ ਪੂਰਨ ਦਾ ਮੁੱਖ ਤੱਕਿਆ
ਮਨ ਵਿੱਚ ਸਿਕਵਾ ਕੋਈ ਨਾ ਰੱਖਿਆ
ਪੁੱਤ ਤਾਂਈ ਘੁੱਟਕੇ ਕਲੇਜੇ ਲਾਂਵਦਾ
ਰਾਜਾ ਸਲਵਾਨ ਖੁਸ਼ੀਆਂ ਮਨਾਂਵਦਾ

2. ਰਾਜੇ ਜਦੋਂ ਲਿਆ ਸਭ ਸੱਚ ਜਾਣ ਆ
ਕੀਤੀ ਉਤੇ ਲੱਗਾ ਹੁਣ ਪਛਤਾਣ ਆ
ਅੱਖਾਂ ਵਿੱਚੋਂ ਪ੍ਰੇਮ ਅੱਥਰੂ ਵਹਾਂਵਦਾ
ਰਾਜਾ ਸਲਵਾਨ....................?

3. ਪੁੱਤਰ ਦੇ ਰੱਬ ਨੇ ਕਰਾਏ ਮੇਲ ਆ
ਇੱਛਰਾਂ ਦੀ ਜੱਗ ਵਿੱਚ ਵਧੀ ਵੇਲ ਆ
ਹੱਥ ਜੋੜ ਪ੍ਰੇਮ ਦੇ ਭਜਨ ਗਾਂਵਦਾ
ਰਾਜਾ ਸਲਵਾਨ....................?



Sri Satguru Jagjit Singh Ji eLibrary NamdhariElibrary@gmail.com

4. ਕੱਠੇ ਹੋ ਕੇ ਸਾਰੇ ਮਾਈ ਭਾਈ ਦੇਂਵਦੇ
ਰਾਜੇ ਤਾਂਈ ਆਣ ਕੇ ਵਧਾਈ ਦੇਂਵਦੇ
ਹਰ ਕੋਈ ਗੀਤ ਖੁਸ਼ੀ ਦੇ ਗਾਂਵਦਾ
ਰਾਜਾ ਸਲਵਾਨ....................?

5. ਸ਼ਹਿਰ ਵਿੱਚ ਢੋਲ ਤੇ ਨਗਾਰੇ ਵੱਜਦੇ
ਸੁੰਦਰ ਸੁਹਾਵਣੇ ਪਿਆਰੇ ਲਗਦੇ
ਮਹਿਲਾਂ ਵਿੱਚ ਦੀਪ ਮਾਲਾ ਹੈ ਕਰਾਂਵਦਾ
ਰਾਜਾ ਸਲਵਾਨ....................?

6. ਸਾਧੂ-ਤੇ-ਫਕੀਰ ਸਾਰੇ ਕੱਠੇ ਕਰ ਲੈ
ਕਰਕੇ ਤਿਆਰ ਭੋਜਨ ਸੀ ਧਰ ਲੈ
ਅਸਮੇਧ ਇੱਕ ਜੱਗ ਹੈ ਚਲਾਂਵਦਾ
ਰਾਜਾ ਸਲਵਾਨ....................?

7. ਸੱਚ, ਗੁਰਸੇਵਕ, ਬਿਆਨ ਕਰਦਾ
ਖੋਲਕੇ ਖਜ਼ਾਨੇ ਰਾਜਾ ਦਾਨ ਕਰਦਾ
ਕਰਦਾ ਹੈ ਸੋਈ, ਜੋ ਵੀ ਮਨ ਭਾਂਵਦਾ
ਰਾਜਾ ਸਲਵਾਨ....................?



Sri Satguru Jagjit Singh Ji eLibrary NamdhariElibrary@gmail.com

## ਪ੍ਰਚਾਰ

ਪੂਰਨ ਨੂੰ ਸਾਹਮਣੇ ਵੇਖਕੇ ਲੂਣਾਂ ਨੂੰ ਬਹੁਤ ਪਛਤਾਵਾ ਹੋਇਆ । ਆਪਣੀ ਕੀਤੀ ਹੋਈ ਗ਼ਲਤੀ ਨੂੰ ਬਖਸਾਉਣ ਵਾਸਤੇ ਪੂਰਨ ਦੇ ਚਰਨ ਫੜਕੇ ਮਾਫ਼ੀ ਮੰਗਦੀ ਹੈ । ਕਵੀ ਕਾਲੀਦਾਸ ਲਿਖਦਾ ਹੈ ।

ਬੈਤ :- ਪੂਰਨ ਭਗਤ ਦੀ, ਜਦੋਂ ਪਹਿਚਾਣ ਕੀਤੀ
ਲੂਣਾਂ ਵੇਹਦਿਆਂ ਹੀ ਸ਼ਰਮਸ਼ਾਰ ਹੋ ਗਈ
ਪੂਰਨ ਆਖਿਆ ਛੱਡ ਅਫ਼ਸੋਸ ਮਾਤਾ
ਤੂੰ ਕਿਉਂ ਪੀਲੜੀ ਜ਼ਰਦ ਵਿਸਾਰ ਹੋ ਗਈ
ਗੁੱਸਾ ਆਣ ਕੇ ਜਦੋਂ ਚੰਡਾਲ ਚੜ੍ਹਿਆ
ਮੇਰੇ ਬਾਪ ਦੀ ਅਕਲ ਫ਼ਰਾਰ ਹੋ ਗਈ
ਕਾਲੀਦਾਸ, ਸਿਰ ਕਿਸੇ ਦੇ ਦੋਸ਼ ਕਾਹਦਾ
ਮਾਤਾ ਸਾਡੇ ਨਾਲ ਹੋਣਹਾਰ ਹੋ ਗਈ

ਲੂਣਾਂ ਦਾ ਮਨ ਭਰ ਆਇਆ ਪੂਰਨ ਦੀ ਨਿਮਰਤਾ ਅੱਗੇ ਉਸਦੇ ਹੰਕਾਰ ਦਾ ਬੰਨ ਟੁੱਟ ਗਿਆ ਕਵੀ ਲਿਖਦਾ ਹੈ ।

ਕਬਿੱਤ :- ਪੂਰਨ ਭਗਤ ਤਾਂਈ ਜਾਣ ਪਹਿਚਾਣ ਲਿਆ
ਰਾਣੀ ਲੂਣਾਂ ਫੁੱਟ ਫੁੱਟ, ਰੋਈ ਜ਼ਾਰੋ ਜ਼ਾਰ ਆ
ਹੁਣ ਪਛਤਾਉਣ ਲੱਗੀ, ਅੱਥਰੂ ਵਹਾਉਣ ਲੱਗੀ
ਕੀਤੀ ਉਤੇ ਰਾਣੀ, ਅਤਿ ਹੋਈ ਸ਼ਰਮਸਾਰ ਆ
ਨਾਗਣ ਸੀ ਭਾਰੀ, ਬਣ ਵਿਸ਼ ਸੀ ਖਿਲਾਰੀ ਓਸ
ਮਾਨੀ ਅਭਿਮਾਨੀ ਹੰਕਾਰੀ ਹੈਸੀ ਨਾਰ ਆ
ਕਹੇ, ਗੁਰਸੇਵਕ, ਜੀ ਪੂਰਨ ਪਿਆਰੇ ਕੋਲੋਂ
ਰਾਣੀ ਲੂਣਾਂ ਹੁਣ ਖਿਮਾਂ ਮੰਗੇ ਵਾਰ ਵਾਰ ਆ



Sri Satguru Jagjit Singh Ji eLibrary NamdhariElibrary@gmail.com

ਗੁਰਬਾਣੀ ਵਿੱਚ ਸਾਹਿਬ ਉਚਾਰਣ ਕਰਦੇ ਹਨ ।

ਏ ਮਨ ਮੇਰਿਆ ਆਵਾ ਗਉਣ ਸੰਸਾਰ ਹੈ ਅੰਤਿ ਸਚਿ ਨਿਬੇੜਾ ਰਾਮ ਵਡਹੰਸ ਮ: 3 ਅੰਤ ਸੱਚ ਅਤੇ ਝੂਠ ਸਾਹਮਣੇ ਆ ਗਿਆ । ਸੱਚ ਦੀ ਜਿੱਤ ਅਤੇ ਝੂਠ ਦੀ ਹਾਰ ਹੋਈ ।

ਰਾਜੇ ਸਲਵਾਨ ਅਤੇ ਰਾਣੀ ਲੂਣਾਂ ਨੇ ਬੇਨਤੀ ਕੀਤੀ । ਹੇ ਪੂਰਨ ਤੂੰ ਹੁਣ ਯੋਗ ਦਾ ਮਾਰਗ ਤਿਆਗ ਕੇ ਰਾਜ ਭਾਗ ਨੂੰ ਸੰਭਾਲੋ ਸਾਡੀ ਬਜੁਰਗ ਅਵਸਥਾ ਹੈ । ਇਹ ਰਾਜ ਭਾਗ ਤਖ਼ਤ ਤਾਜ਼ ਸਭ ਤੇਰਾ ਹੈ । ਅਸੀਂ ਹੁਣ ਪ੍ਰਮੇਸ਼ਰ ਦੇ ਨਾਮ ਨਾਲ ਬਿਰਤੀ ਜੋੜਨੀ ਚਾਹੁੰਦੇ ਹਾਂ । ਤਾਂ ਪੂਰਨ ਨੇ ਅੱਗੋ ਉੱਤਰ ਦਿੱਤਾ । ਪਿਤਾ ਜੀ ਕਾਲ ਦਾ ਨਗਾਰਾ ਸਿਰਪਰ ਖੜਕਦਾ ਹੈ । ਇਸ ਕਰਕੇ ਮੈਂ ਰਾਮ ਨਾਮ ਵਿੱਚ ਲੀਨ ਹੋਣਾ ਚਾਹੁੰਦਾ ਹਾਂ ਰਾਜ ਭਾਗ ਤਖ਼ਤ ਤਾਜ਼ ਮੇਰੇ ਵਾਸਤੇ ਬੇਕਾਰ ਹਨ । ਤਾਂ ਮਾਤਾ ਇੱਛਰਾਂ ਨੇ ਪੁੱਤਰ ਪੂਰਨ ਨੂੰ ਆਖਿਆ ਪੁੱਤਰ ਅਜੇ ਤਾਂ ਮੈਂ ਤੈਨੂੰ ਰੱਜਕੇ ਤੱਕਿਆ ਵੀ ਨਹੀਂ । ਤਾਂ ਪੂਰਨ ਨੇ ਮਾਤਾ ਇੱਛਰਾਂ ਨੂੰ ਜਵਾਬ ਦਿੱਤਾ ਹੇ ਮਾਤਾ, ਤੂੰ ਮੇਰੀ ਧਰਮੀਂ ਮਾਤਾ ਹੈ ਮੈਨੂੰ ਗਿਆਨ ਉਪਦੇਸ਼ ਕਰਕੇ ਭਗਤੀ ਮਾਰਗ ਤੇ ਤੋਰਨਾ ਤੇਰਾ ਫ਼ਰਜ਼ ਹੈ । ਮਾਤਾ ਕੋਲੋਂ ਆਗਿਆ ਲੈ ਕੇ ਪੂਰਨ ਭਗਤ ਮਹਿਲਾਂ ਨੂੰ ਤਿਆਗ ਕੇ ਗੁਰੂ ਗੋਰਖ ਦੇ ਟਿੱਲੇ ਉਤੇ ਆ ਗਿਆ । ਮਾਤਾ ਇੱਛਰਾਂ ਨੂੰ ਬਚਨ ਦਿੱਤਾ ਅੰਤ ਸਮੇਂ ਤੇਰਾ ਦਰਸ਼ਨ ਪਾਂਵਾਗਾ । ਗੋਰਖ ਗੁਰੂ ਕੋਲ ਜਦੋਂ ਵਾਪਸ ਆਇਆ ਤਾਂ ਗੁਰੂ ਨੇ ਉਪਦੇਸ਼ ਦਿੱਤਾ । ਹੇ ਪੂਰਨ ਤੂੰ ਆਪਣੀ ਮਾਤਾ ਨੂੰ ਮਿਲਕੇ ਬਹੁਤ ਵੱਡੇ ਪੁੰਨ ਦਾ ਕੰਮ ਕੀਤਾ ਹੈ । ਜੁਦਾਈ ਦਾ ਦਾਗ ਮਾਤਾ ਦੇ ਦਰਸ਼ਨ ਕਰਕੇ ਤੇਰੇ ਮੱਥੇ ਤੋਂ ਲੱਥ ਗਿਆ ਹੈ । ਗੋਰਖ ਗੁਰੂ ਦੇ ਹੁਕਮ ਅਨੁਸਾਰ ਪੂਰਨ ਸਾਧ ਮੰਡਲੀ ਨਾਲ ਤੀਰਥ ਯਾਤਰਾ ਤੇ ਤੁਰਿਆ 12 ਸਾਲ ਬਾਅਦ ਤੀਰਥ ਯਾਤਰਾ ਤੋਂ ਸਾਧੂ ਮੰਡਲੀ ਫੇਰ ਵਾਪਸ ਗੁਰੂ ਗੋਰਖ ਦੇ ਚਰਨਾਂ ਵਿੱਚ ਹਾਜਰ ਹੋਈ । ਕਵੀ ਕਾਲੀਦਾਸ ਲਿਖਦਾ ਹੈ ।



Sri Satguru Jagjit Singh Ji eLibrary NamdhariElibrary@gmail.com

ਬੈਂਤ :-

''ਪੂਰਨ ਤੁਰ ਪਿਆ ਤੀਰਥੀ ਨਾਲ ਸਾਧਾਂ
ਵਿੱਚ ਚਿੱਤ ਦੇ ਵਾਸ਼ਨਾ ਜਾਉਂਦੀ ਆਂ
ਬਾਰੀਂ ਬਰਸੀਂ ਸਭ ਪਰਤ ਕੇ ਤੀਰਥਾਂ ਤੋਂ
ਸਾਧ ਮੰਡਲੀ ਪਰਤ ਕੇ ਆਉਂਦੀ ਆਂ

ਓਧਰ ਮਾਤਾ ਇੱਛਰਾਂ ਦਾ ਸਮਾਂ ਨਜ਼ਦੀਕ ਆ ਗਿਆ । ਪੁੱਤਰ ਨੂੰ ਯਾਦ ਕਰਦੀ ਹੈ । ਪੂਰਨ ਸੁੰਨ ਸਮਾਧੀ ਵਿੱਚ ਬੈਠੇ ਨੇ ਜਾਣ ਲਿਆ । ਗੋਰਖ ਨਾਥ ਕੋਲੋ ਆਗਿਆ ਲੈ ਕੇ ਮਾਂ ਦੇ ਦਰਸ਼ਨ ਕਰਨ ਵਾਸਤੇ ਤੁਰ ਪਿਆ । ਆਕੇ ਵੇਖਿਆ ਮਾਤਾ ਇੱਛਰਾਂ ਬਹੁਤ ਬਿਮਾਰ ਹੈ । ਅੰਤਮ ਘੜੀਆਂ ਵਿੱਚ ਪੁੱਤਰ ਨੂੰ ਯਾਦ ਕਰਦੀ ਹੈ । ਪੂਰਨ ਜਦੋਂ ਸਾਹਮਣੇ ਆਇਆ ਤਾਂ ਮਾਂ ਇੱਛਰਾਂ ਨੇ ਪੁੱਤਰ ਨੂੰ ਘੁੱਟ ਕੇ ਕਲੇਜੇ ਨਾਲ ਲਾ ਲਿਆ । ਤੇ ਆਸ਼ੀਰਵਾਦ ਦਿੱਤਾ । ਹੇ ਪੂਰਨ ਸਦਾ ਹੀ ਚਿਰੰਜੀਵ ਰਹੁ ਪੂਰਨ ਭਗਤ ਨਾਲ ਦੋ ਗੱਲਾਂ ਕਰਕੇ ਮਾਤਾ ਇੱਛਰਾਂ ਨੇ ਆਪਣੇ ਪ੍ਰਾਣ ਤਿਆਗ ਦਿੱਤੇ । ਤਖ਼ਤਾ ਨਦੀ ਦੇ ਕੰਢੇ ਮਾਤਾ ਇੱਛਰਾਂ ਦਾ ਸੰਸਕਾਰ ਕੀਤਾ ਗਿਆ । ਪੂਰਨ ਸਾਰੇ ਕਾਰਜ ਕਰਕੇ ਵਾਪਸ ਫੇਰ ਗੁਰੂ ਗੋਰਖ ਦੇ ਚਰਨਾਂ ਵਿੱਚ ਆ ਗਿਆ । ਗੋਰਖ ਨਾਥ ਨੇ ਪੂਰਨ ਨੂੰ ਕਿਹਾ ਬੇਟਾ ਹੁਣ ਰਾਮ ਨਾਮ ਵਿੱਚ ਲੀਨ ਹੋ ਜਾਵੋ । ਤਾਂ ਹੀ ਸੰਸਾਰ ਵਿਚੋਂ ਪਾਰ ਹੋ ਸਕੋਗੇ । ਪੂਰਨ ਭਗਤ ਨੇ ਕਠਨ ਤਪੱਸਿਆ ਕਰਕੇ ਮੁਕਤੀ ਪ੍ਰਾਪਤ ਕੀਤੀ ਓਧਰ ਰਾਣੀ ਲੂਣਾਂ ਦਾ ਪੁੱਤਰ ਰਾਜਾ ਰਸਾਲੂ (ਸਾਲਿਵਾਹਨ ਦਾ ਪੁੱਤਰ ਅਤੇ ਪੂਰਨ ਦਾ ਭਾਈ ਜੋ ਸਿਆਲਕੋਟ ਵਿੱਚ ਰਾਜ ਕਰਦਾ ਸੀ (ਗੱਖਰਾਂ ਦੇ ਰਾਜਾ ਹੂਡੀ ਨੇ ਇਸ ਨੂੰ ਫਤੇ ਕਰਕੇ ਇਸ ਦੀ ਪੁੱਤਰੀ ਵਿਆਹੀ) । ਜੋ ਪੂਰਨ ਭਗਤ ਦੇ ਵਰ ਨਾਲ ਪੈਦਾ ਹੋਇਆ ਸੀ ਉਸਨੇ ਸਾਰਾ ਰਾਜ ਭਾਗ ਸੰਭਾਲਿਆ।

(ਮਹਾਂਨਕੋਸ਼ ਪੰਨਾ 759)



Sri Satguru Jagjit Singh Ji eLibrary NamdhariElibrary@gmail.com

# ਕਵੀ ਦਾ ਆਪਣਾ ਹਾਲ

ਕਲਮ ਉਠਾ ਕੇ ਆਪਣਾ ਸਾਰਾ ਲਿਖਾਂ ਮੈਂ ਹਾਲ
ਲਿਖਦਾਂ ਸਾਰੀ ਵਾਰਤਾ ਪ੍ਰੇਮ ਪਿਆਰ ਦੇ ਨਾਲ
ਅੰਮ੍ਰਿਤਸਰ ਕੇ ਬੀਚ ਮੇਂ ਵੱਸੇ ਪਿੰਡ ਕਸੇਲ
ਜੰਮਿਆਂ ਪਲਿਆ ਇਸ ਥਾਂ ਇਸ ਥਾਂ ਖੇਲੇ ਖੇਲ
ਬਚਪਨ ਏਥੇ ਮਾਣਿਆਂ ਮੌਜਾਂ ਮਾਣ ਅਨੰਤ
ਨਾਲ ਹਾਣੀਆ ਰਲ ਕੇ ਖੇਲੇ ਖੇਲ ਬੇਅੰਤ
ਪਿਤਾ ਸੰਤ ਗੁਰਦੀਪ ਸਿੰਘ ਮਾਤਾ ਜਗੀਰ ਕੌਰ ਜਾਣ
ਗੋਦੀ ਜਿਸਦੀ ਬੈਠ ਕੇ ਲੀਤਾ ਸੁੱਖ ਮਹਾਨ
ਮੈਂ ਮਿਡਲ ਸਕੂਲ ਮੇਂ ਪੜ੍ਹਿਆ ਪੰਜਵੀਂ ਤੱਕ
ਝੂਠ ਗੱਪ ਨਾ ਜਾਣਿਓ ਦੱਸਾਂ ਸਚੋਂ ਸੱਚ
ਕਿਰਪਾਲ ਸਿੰਘ ਕਸੇਲ ਜੀ ਹਨ ਉੱਘੇ ਵਿਦਵਾਨ
ਏਸੇ ਪਿੰਡ ਵਿੱਚ ਜੰਮ ਕੇ ਕੀਤੇ ਕੰਮ ਮਹਾਨ
ਸੰਨ ਉਨੀਂ ਸੌ ਬਾਨ੍ਵੇਂ ਕਰਾਂ ਮੈਂ ਹਾਲ ਬਿਆਨ
ਦੇਸ਼ ਪੰਜਾਬ ਦੇ ਦੋਸਤੋ ਵਿਗੜੇ ਮਾਹੌਲ ਸੀ ਆਣ
ਕਈਆਂ ਤਾਈਂ ਮਾਰਿਆ ਬੁੱਝ ਗਏ ਕਈ ਚਿਰਾਗ਼
ਉਸ ਵਕਤ ਫਿਰ ਅਸਾਂ ਨੇ ਦਿੱਤਾ ਕਸੇਲ ਤਿਆਗ
ਭੈਣੀ ਸਾਹਿਬ ਆਣਕੇ ਡੇਰੇ ਲਾਏ ਆਣ
ਕ੍ਰਿਪਾ ਹੋ ਗਈ ਗੁਰਾਂ ਦੀ ਕਰਾਂ ਮੈਂ ਕਿੰਝ ਬਿਆਨ
ਪਰਮ ਪੁਰਖ ਪਰਮਾਤਮਾਂ ਚਰਨਾਂ ਸੰਗ ਪਰੀਤ
ਪੂਰਨ ਸਤਿਗੁਰ ਮਿਲ ਗਿਆ ਸ੍ਰੀ ਸਤਿਗੁਰ ਜਗਜੀਤ
ਵਿੱਚ ਸਰਕਾਰੀ ਸਕੂਲ ਦੇ ਪਲੱਸ ਟੂ ਕੀਤੀ ਪੂਰੀ
ਅੱਗੋਂ ਪੜ੍ਹਨਾ ਲੋਚਦਾ ਮੇਰੀ ਪੜ੍ਹਾਈ ਅਧੂਰੀ



Sri Satguru Jagjit Singh Ji eLibrary NamdhariElibrary@gmail.com

ਜੀਵਨ ਸਿੰਘ ਕਵੀਸ਼ਰ ਜੀ ਹਨ ਮੇਰੇ ਉਸਤਾਦ
ਜਿੰਨ੍ਹਾਂ ਕੋਲੋ ਮਿਲ ਗਿਆ ਕਵਿਤਾ ਦਾ ਪ੍ਰਸ਼ਾਦ
ਕਵਿਤਾ ਲਿਖਣ ਮੈਂ ਲੱਗਿਆ ਮਨ ਵਿਚ ਉਠੀ ਉਮੰਗ
ਕਵਿਤਾ ਬੇਸੁਮਾਰ ਤੇ ਲਿਖੇ ਕਈ ਪ੍ਰਸੰਗ
ਮਾਸਟਰ ਦਰਸ਼ਨ ਸਿੰਘ ਜੀ ਵਿੱਦਿਆ ਗੁਰੂ ਮਹਾਨ
ਗੁਰਬਾਣੀ ਦੀ ਸੰਥਿਆ ਲਈ ਉਹਨਾਂ ਤੋਂ ਆਣ
ਵਿੱਦਿਆ ਗੁਰੂ ਸਮਾਨ ਨਾ ਭਯੋ ਜਗਤ ਮੈਂ ਕੋਈ
ਲੈ ਜਿੰਨਾਂ ਤੋਂ ਵਿੱਦਿਆ ਬੁੱਧੀ ਰੌਸ਼ਨ ਹੋਈ
ਸੁਣ ਸੁਣ ਸੋਹਣੀ ਅਵਾਜ਼ ਨੂੰ ਸੰਗਤਾਂ ਹੋਵਣ ਕਾਇਲ
ਮੇਰੇ ਨਾਲ ਹੁਣ ਗਾਂਵਦੇ ਮੱਲ ਸਿੰਘ ਜਰਨੈਲ
ਗੁਰਜੀਤ ਪੱਪੂ, ਗੁਰਦੇਵ ਸੌਂਕੀ ਵੀ ਮੇਰੇ ਪੱਕੇ ਯਾਰ
ਮੇਰੇ ਨਾਲ ਉਹ ਗਾਂਵਦੇ ਦਿਲੋਂ ਕਰਾਂ ਸਤਿਕਾਰ
ਪਿੰਡ ਸਸਰਾਲੀ ਵੱਸਦਾ ਹੈ ਉਹ ਬੁੱਧੀਵਾਨ
ਮੇਰੇ ਨਾਲ ਉਹ ਗਾ ਗਿਆ ਸੁਰਿੰਦਰ ਸਿੰਘ ਜਵਾਨ
ਫੁੱਟ ਦਵੈਖ ਤੇ ਈਰਖਾ ਕਰਕੇ ਦੂਰ ਕਲੇਸ਼
ਜੁੱਗਾਂ ਜੁਗ ਹੀ ਲਿਖਾਂ ਮੈਂ ਸਤਿਗੁਰ ਜੱਸ ਹਮੇਸ਼
ਇਹ ਹੈ ਮੇਰੀ ਬੇਨਤੀ ਇਹ ਮੇਰੀ ਅਰਦਾਸ
ਬਣਕੇ ਰਹਾਂ ਹਮੇਸ਼ ਮੈਂ ਸਤਿਗੁਰ ਜੀ ਦਾ ਦਾਸ



Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com

Sri Satguru Jagjit Singh Ji eLibrary NamdhariElibrary@gmail.com



ਕਵੀਸ਼ਰ ਜੱਥਾ : ਕਵੀਸ਼ਰ ਗੁਰਸੇਵਕ ਸਿੰਘ ਢਿਲੋਂ ਤੇ ਸਾਥੀ ਕਵੀ ਜਰਨੈਲ ਸਿੰਘ ਰਾੜਾ,
ਗੁਰਦੇਵ ਸਿੰਘ ਪ੍ਰੇਮੀ, ਮੱਲ ਸਿੰਘ ਮੱਲ

ਕਾਦਰਯਾਰ ਕਾਲੀ ਦਾਸ ਵਰਗੇ ਸ਼ਾਇਰਾਂ ਨੇ,
ਕਿੱਸਾ ਪੂਰਨ ਦਾ ਕੀਤਾ ਤਿਆਰ ਸੋਹਣਾ
ਸ਼ਿਵ ਕੁਮਾਰ ਬਟਾਲਵੀ ਲਿਖੀ ਲੂਣਾ
ਪੂਰਨ ਲਿਖਿਆ ਨਾਲ ਪਿਆਰ ਸੋਹਣਾ
ਪੜ ਕੇ ਇਹਨਾਂ ਦੀ ਲਿਖਤ ਨੂੰ ਮਨ ਮੇਰਾ,
ਮੈਨੂੰ ਆਖਦਾ ਏ ਵਾਰ ਵਾਰ ਸੋਹਣਾ
ਦੋ ਹਜ਼ਾਰ ਤੇਰਾਂ ਭਾਗਾ ਵਾਲੜਾ ਏ,
ਮੇਰੇ ਮਨ ਵਿੱਚ ਆਇਆ ਵਿਚਾਰ ਸੋਹਣਾ
ਪਹਿਲਾਂ ਯਾਦ ਕਰਤਾਰ ਨੂੰ ਦਿਲੋਂ ਕੀਤਾ,
ਹੋਇਆ ਆਪ ਸਹਾਈ ਸਿਰਜਣ ਹਾਰ ਸੋਹਣਾ
ਹੱਥ ਫੜ ਕੇ ਕਲਮ ਨੂੰ ਲਿਖਣ ਲੱਗਾ
ਪੂਰਨ ਭਗਤ ਪ੍ਰਸੰਗ ਸ਼ਿੰਗਾਰ ਸੋਹਣਾ
ਰਾਣੀ ਇੱਛਰਾਂ, ਲੂਣਾ ਤੇ ਸੁੰਦਰਾਂ ਦਾ,
ਲਿਖਿਆ ਸਾਰਾ ਚਰਿੱਤਰ ਸਵਾਰ ਸੋਹਣਾ
ਗੋਰਖਨਾਥ, ਪੂਰਨ, ਸਲਵਾਨ ਰਾਜਾ,
ਸਿਆਲਕੋਟ ਲਿਖਿਆ ਮੈਂ ਵਿਚਾਰ ਸੋਹਣਾ

ਝੂਠ ਹਾਰ ਦੇਵੇ, ਸੱਚ ਤਾਰ ਦੇਵੇ,
ਦੇਵੇ ਸਿੱਖਿਆ ਇਹ ਬੇਸ਼ੁਮਾਰ ਸੋਹਣਾ
ਜਿਹੜਾ ਪੜੂਗਾ ਜਗਤ 'ਚੋਂ ਤਰੂਗਾ ਜੀ,
ਬਾਲ ਬੁੱਢਾ ਅਤੇ ਨਰ ਨਾਰ ਸੋਹਣਾ
ਹੋਈਆਂ ਭੁਲਾਂ ਦੀ ਖਿਮਾ ਮੈਂ ਮੰਗਦਾ ਹਾਂ,
ਆਪੇ ਬਖਸ਼ੂਗਾ ਬਖਸ਼ਣਹਾਰ ਸੋਹਣਾ
ਚਾਹੋ ਫ਼ੋਨ ਤੇ ਤੁਸੀਂ ਜੇ ਗੱਲ ਕਰਨੀ,
ਲਵੋ ਮਨ ਵਿੱਚ ਨੰਬਰ ਇਹ ਧਾਰ ਸੋਹਣਾ
ਚੌਰਾਨਵੇਂ ਛੇ ਸੌ ਛੱਤੀ, ਸੱਠ ਨੌਂ ਸੌ ਨੱਬੇ,
ਕਰੋ ਗੱਲ ਜਾਂ, ਮਿੱਸ ਕਾਲ ਮਾਰ ਸੋਹਣਾ
ਜਿਲ੍ਹਾ ਲੁਧਿਆਣਾ, ਚੰਡੀਗੜ੍ਹ ਰੋਡ ਉੱਤੇ,
ਕਟਾਣੀ ਕਲਾਂ ਹੈ ਅੱਡਾ ਤਿਆਰ ਸੋਹਣਾ
ਮਿਲਣਾ ਕਵੀ ਨੂੰ ਚਾਹੋ ਤਾਂ ਮਿਲੋ ਆ ਕੇ,
ਅਕਾਲ ਬੁੰਗੇ ਦੇ ਕੋਲ ਘਰ ਬਾਰ ਸੋਹਣਾ
ਭੈਣੀ ਸਾਹਿਬ ਦੇ ਵਿੱਚ ਹੁਣ ਵੱਸਦਾ ਹੈ,
ਸੇਵਕ ਸਿੰਘ, ਕਵੀਸ਼ਰ ਦਿਲਦਾਰ ਸੋਹਣਾ

Sri Satguru Jagjit Singh Ji eLibrary NamdhariElibrary@gmail.com